੧ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ॥

ਹਮ ਇਹ ਕਾਜ ਜਗਤ ਮੋ ਆਏ॥ ਧਰਮ ਹੇਤ ਗੁਰਦੇਵ ਪਠਾਏ॥

# ਖਾਲਸਾ ਸਮਾਚਾਰ

Khalsa Samachar

ਸੰਸਥਾਪਕ
ਭਾਈ ਸਾਹਿਬ ਭਾਈ ਵੀਰ ਸਿੰਘ
Founded by
BHAI VIR SINGH IN 1899 A.D.

ਸਪਤਾਹਿਕ/ਨਵੀਂ ਦਿੱਲੀ
ਸਥਾਪਤ 1899 ਈ.
www.bvsss.org
ਫ਼ੀ ਪਰਚਾ 5/-

ਅੰਕ ੧੨ ਜਿਲਦ ੩੧ ੧੧-੧੭ ਫਰਵਰੀ ੨੦੨੧, ੨੯ ਮਾਘ - ੬ ਫੱਗਣ ੨੦੭੭ ਨਾਨਕਸ਼ਾਹੀ ਸੰਮਤ ੫੫੨
ਸਾਲਾਨਾ ਚੰਦਾ ਦੇਸ਼ ੨੫੦/-, ਵਿਦੇਸ਼ ੨੫੦੦/- ਅਤੇ ਲਾਈਫ਼ ਮੈਂਬਰਸ਼ਿਪ ਦੇਸ਼ ੨੫੦੦/-, ਵਿਦੇਸ਼ ੨੫੦੦੦/-
Issue 12 Volume 31, 11-17 February 2021
Yearly Subscription India 250/-, Abroad 2500/- and Life Membership India 2500/-, Abroad 25000/-


**ਜਨਮ-ਦਿਵਸ ਪ੍ਰੋ. ਪੂਰਨ ਸਿੰਘ : 17 ਫ਼ਰਵਰੀ**

## ਅਮਲੀ ਸਿੱਖ-ਜੀਵਨ

❖ ਪ੍ਰੋ. ਪੂਰਨ ਸਿੰਘ

ਖ਼ਾਲਸਾ ਜੀ! ਉਹ ਸਮੇਂ ਲੰਘ ਗਏ, ਖ਼ਾਲਸਾ ਜੀ! ਓਹ ਵਕਤ ਗੁਜ਼ਰ ਗਏ, ਖ਼ਾਲਸਾ ਜੀ! ਉਹ ਦਿਨ ਬੀਤ ਗਏ, ਜਦ ਕੋਈ ਕਹਿੰਦਾ ਸੀ ਕਿ ਗੱਲਾਂ ਨਾਲ ਰੱਬ ਨੂੰ ਰਿਝਾ ਲਿਆ ਹੈ। ਜਦ ਲੋਕੀਂ ਵਿਚਾਰਾਂ ਦੇ ਢੇਰ ਇਕੱਠੇ ਕਰਕੇ ਕਹਿੰਦੇ ਸਨ ਕਿ ਅਸਾਂ ਪਰਮਾਤਮਾ ਨੂੰ ਪਾ ਲਿਆ ਹੈ। ਵੇਦ ਤੇ ਛੇ ਸ਼ਾਸਤਰ ਗੁਜ਼ਰ ਚੁੱਕੇ; ਵੇਦ, ਵੇਦਾਂਤ ਵਿਚ ਮੁੱਕ ਗਏ ਹਨ। ਹੁਣ ਗੱਲਾਂ ਦਾ ਜ਼ਮਾਨਾ ਨਹੀਂ ਰਿਹਾ। ਹੁਣ ਕੰਮ ਦਾ ਜ਼ਮਾਨਾ ਹੈ।

ਅੱਜ ਜੇ ਕੋਈ ਕਹੇ ਕਿ ਸਾਡਾ ਮਜ਼ਬ ਚੰਗਾ ਹੈ, ਤਾਂ ਲੋਕੀਂ ਕਹਿਣਗੇ- 'ਚਲੇ ਜਾਓ।' ਕੋਈ ਕਹੇਗਾ, ਸਾਡੇ ਫ਼ਲਸਫ਼ੇ ਅੱਛੇ ਹਨ। ਕਿਹਾ ਜਾਵੇਗਾ- 'ਚਲੇ ਜਾਓ।' ਹੁਣ ਮਜ਼ਬਾਂ ਦੇ ਝੇੜੇ ਲਾਇਬ੍ਰੇਰੀਆਂ ਵਿਚ ਹੀ ਪਏ ਰਹਿਣਗੇ। ਪੂਜਾ ਦੇ ਢੰਗ ਮੰਦਿਰਾਂ ਦੇ ਦਰਵਾਜ਼ਿਆਂ ਦੇ ਅੰਦਰ ਹੀ ਬੰਦ ਰਹਿਣਗੇ। ਹੁਣ ਫੋਕੇ ਗਿਆਨ ਨੂੰ ਅਲਵਿਦਾ ਕਹਿ ਦਿੱਤਾ ਜਾਵੇਗਾ। ਜੇ ਤੁਸੀਂ ਸਿੱਖੀ ਦਾ ਪ੍ਰਚਾਰ ਕਰਨਾ ਚਾਹੁੰਦੇ ਹੋ, ਤਦ ਨਵੇਂ ਦਿਲ, ਨਵੇਂ ਦਿਮਾਗ ਨਾਲ, ਨਵੇਂ ਜ਼ਮਾਨੇ ਨੂੰ, ਆਪਣੇ ਕਰਤਵਾਂ 'ਤੇ ਦੱਸਣਾ ਪਏਗਾ ਕਿ ਅਸੀਂ ਸਿੱਖ ਹਾਂ। ਅੱਜ ਚਾਰੇ ਪਾਸਿਆਂ ਤੋਂ ਮੰਗ ਹੋ ਰਹੀ ਹੈ ਤੇ ਇਸ ਗੱਲ ਦੀ ਮੰਗ ਹੋ ਰਹੀ ਹੈ ਕਿ:



**ਦਾਨੁ ਮਹਿੰਡਾ ਤਲੀ ਖਾਕੁ ਜੇ ਮਿਲੈ ਤ ਮਸਤਕਿ ਲਾਈਐ॥**
**ਕੂੜਾ ਲਾਲਚੁ ਛਡੀਐ ਹੋਇ ਇਕ ਮਨਿ ਅਲਖੁ ਧਿਆਈਐ॥**

(ਅੰਗ ੪੬੮)

ਇਸ ਵੇਲੇ ਕੋਝੇ ਲਾਲਚ ਨੂੰ ਛੱਡਣਾ ਪਏਗਾ। ਸਿੱਖੀ ਦਾ ਉਹ ਪੈਗਾਮ ਜਿਸਦੇ ਵਾਸਤੇ ਸੰਸਾਰ ਤਪ ਰਿਹਾ ਹੈ ਤੇ ਪੁਕਾਰ ਕੇ ਕਹਿ ਰਿਹਾ ਹੈ ਕਿ ਖ਼ਾਲਸਾ ਜੀ! ਗੁਰੂ ਬਾਬੇ ਦੇ ਦਰਸ਼ਨ ਕਦ ਕਰਾਉਗੇ? ਗੁਰੂ ਅਰਜਨ ਦੇਵ ਜੀ ਦੇ ਖ਼ਾਲਸਾ ਜੀ! ਕਲਗੀਆਂ ਵਾਲੇ ਦੇ ਸ਼ਬਦ ਤੋਂ ਪੈਦਾ ਕੀਤੇ ਪੰਥ! ਹੇ ਬਾਜ਼ਾਂ ਵਾਲੇ ਦੇ ਸ਼ਬਦ ਤੋਂ ਪੈਦਾ ਕੀਤੇ ਪੰਥ! ਹੇ ਬਾਜ਼ਾਂ ਵਾਲੇ ਦੇ ਰਚੇ ਆਦਰਸ਼ਕ ਖ਼ਾਲਸਾ ਜੀ! ਦੁਨੀਆ ਵਿਲਕ ਰਹੀ ਹੈ । ਇਸ ਨੂੰ ਨਾਮ ਦੇ ਰੰਗ ਵਿਚ ਕਦ ਰੰਗੋਗੇ? ਮੈਨੂੰ ਕੋਈ ਝੱਲਾ ਕਹੇ, ਭਾਵੇਂ ਮੂਰਖ, ਪਰੰਤੂ ਮੇਰਾ ਪੂਰਨ ਵਿਸ਼ਵਾਸ ਹੈ ਕਿ ਪਦਾਰਥ ਵਿੱਦਿਆ, ਮਾਨਸਿਕ ਤੇ ਵਿਗਿਆਨ ਆਦਿਕ ਵਿਚ ਹੋਈਆਂ ਤਬਦੀਲੀਆਂ ਜਿਨ੍ਹਾਂ ਨਾਲ ਮਨੁੱਖ ਉੱਚ ਕੋਟੀ ਵੱਲ ਜਾ ਰਹੇ ਹਨ; ਦੇ ਫਾਊਂਡਰ (ਸਿਰਜਨਹਾਰੇ) ਗੁਰੂ ਨਾਨਕ ਸਾਹਿਬ ਸਨ। ਗੁਰੂ ਨਾਨਕ ਸਾਹਿਬ ਨੇ ਕਿਹਾ, "ਉਠ! ਓ ਇਨਸਾਨ ਦੇ ਬੱਚੇ ਉਠ!! ਤੇ ਸੱਚੇ ਦਾ ਅਵਤਾਰ ਹੋ, ਉਠ! ਉਠ!! ਹੇ

ਅੰਦਰ............


☐ ਪ੍ਰੋ. ਪੂਰਨ ਸਿੰਘ: ਬਹੁ-ਪੱਖੀ ਸ਼ਖ਼ਸੀਅਤ 3
☐ ਸੰਤ ਬਿਮਲਾ ਸਿੰਘ: ਭਾਈ ਸੋਮਾ 5
☐ Mystic Poet 7
☐ 100 ਸਾਲ ਪਹਿਲਾਂ: ਚੀਫ਼ ਖਾਲਸਾ ਦੀਵਾਨ... 10
☐ ਸ਼ਬਦ ਵਿਆਖਿਆ 11
☐ ਖ਼ਬਰ-ਸਾਰ 12

ਮਨੁੱਖ ਦੇ ਬੱਚੇ ਕਰਤਾ ਬਣ; ਮਜ਼ਦੂਰ ਹੋ ਤੇ ਸੁਹੱਪਣ ਨੂੰ ਉਤਪੰਨ ਕਰ, ਕਾਰੀਗਿਰੀ ਵਿਚ ਜਾਨ ਪਾ ਦੇ ਤੇ ਦਸਤਕਾਰੀ ਆਦਿਕ ਕੋਮਲ ਹੁਨਰਾਂ ਦਾ ਸੰਸਾਰ ਵਿਚ ਹੜ੍ਹ ਵਗਾ ਦੇ।"

"ਉਠ! ਉਠ!! ਮਰਦ ਦੇ ਬੱਚੇ ਨਿਰਭਉ ਹੋ ਜਾ; ਕਿਸੇ ਤੋਂ ਨਾ ਡਰ; ਕਿਸੇ ਦੇ ਨਾਲ ਵੈਰ ਨਾ ਰੱਖ; ਆਪਣੇ ਦਿਲ, ਦਿਮਾਗ ਤੇ ਜਿਸਮ ਵਿਚ ਵਾਹਿਗੁਰੂ ਨੂੰ ਵਸਾ ਕੇ ਅਣਹੋਣੀਆਂ ਗੱਲਾਂ ਨੂੰ ਹੋਣੀਆਂ ਕਰ ਦਸ।" ਮੇਰੇ ਖ਼ਿਆਲ ਵਿਚ 'ਨੈਪੋਲੀਅਨ' ਇਸ ਅੰਸ਼ ਵਿਚ ਗੁਰੂ ਦਾ ਸਿੱਖ ਸੀ, ਜਿਸ ਵਿਚ ਉਹਨੇ ਕਿਹਾ ਕਿ 'ਅਸੰਭਵ ਦਾ ਸ਼ਬਦ ਮੂਰਖਾਂ ਦੀ ਡਿਕਸ਼ਨਰੀ ਵਿਚ ਹੀ ਮਿਲਦਾ ਹੈ'। ਕੰਦ੍ਰਾਂ, ਗਾਰਾਂ ਤੇ ਪਹਾੜਾਂ ਵਿਚ ਹੁਣ ਲੁਕਣ ਦਾ ਜ਼ਮਾਨਾ ਨਹੀਂ। ਹੁਣ ਕੌਮਾਂ ਵਿਚ ਸੰਘਰਸ਼ ਹੋ ਰਿਹਾ ਹੈ, ਇਸ ਵਿਚ ਗੱਲਾਂ ਨਾਲ ਨਹੀਂ, ਆਪਣੇ ਦਿਲ ਵਿੱਚੋਂ ਸਿੱਖੀ ਵਿਖਾਣੀ ਪਏਗੀ ਤੇ ਓਹ ਲੋਕੀਂ ਤੁਹਾਡੇ ਅੱਗੇ ਸਿਰ ਝੁਕਾ ਦੇਣਗੇ। ਤੁਹਾਨੂੰ ਹੱਥਾਂ ਨਾਲ ਅੰਕਿਤ ਕਰਕੇ ਦਸਣਾ ਪਏਗਾ ਤਦ ਦੁਨੀਆ ਸਿੱਖੀ ਨੂੰ ਗ੍ਰਹਿਣ ਕਰੇਗੀ।

ਗੁਰੂ ਸਾਹਿਬ ਨੇ ਹਠ ਯੋਗ ਛੁਡਾ ਦਿੱਤੇ। ਉਹਨਾਂ ਨੇ ਦੱਸਿਆ ਕਿ ਉੱਚੀ ਤੇ ਸੋਹਣੀ ਚੀਜ਼ ਵੇਖ ਕੇ ਸੁਰਤਿ ਵਿਚ ਜਿਹੜੀ ਇਕਾਗਰਤਾ ਆਉਂਦੀ ਹੈ, ਉਸਦੇ ਨਾਲ ਮਨੁੱਖ ਵੱਡਾ ਹੋ ਜਾਂਦਾ ਹੈ, ਉੱਚਾ ਹੋ ਜਾਂਦਾ ਹੈ। ਸੋ, ਖ਼ਾਲਸਾ ਜੀ। ਗੁਰੂ ਆਦਰਸ਼ ਵਿਚ ਆਪ ਉੱਚੇ ਕਰਕੇ ਇਕ ਇਕ ਸਵਾ ਲੱਖੀ ਹੋ ਜਾਉ। ਯੂਨਾਨ ਇਕ ਨਿੱਕਾ ਜਿਹਾ ਟਾਪੂ ਹੈ। ਉਹਦੀ ਸੰਸਾਰ ਇਸ ਕਰਕੇ ਇੱਜ਼ਤ ਕਰਦਾ ਹੈ ਕਿ ਉਹ ਬੁੱਤ ਬਣਾਣ ਵਿਚ ਕਮਾਲ ਰੱਖਦਾ ਸੀ। ਇਟਲੀ ਨੂੰ ਸਤਿਕਾਰ ਨਾਲ ਦੁਨੀਆ ਵੇਖਦੀ ਹੈ, ਇਸ ਕਰਕੇ ਕਿ ਉਹ ਸੁੰਦਰਤਾ ਨੂੰ ਬਣਾ ਵਿਖਾਂਦਾ ਹੈ। ਅਸੀਂ ਇਸ ਨਵੇਂ ਯੁਗ ਦੇ ਮੰਦਿਰ ਵਿਚ ਬੁਤ ਬਣਨਾ ਹੈ ਕੇਸਾਂ ਵਾਲਾ, ਜੂੜੇ ਵਾਲਾ, ਜਿਉਂਦਾ ਜਾਗਦਾ, ਇਕ ਇਕ ਨੇ ਸਵਾ ਸਵਾ ਲੱਖੀ ਹੋ ਆਪਣੇ ਆਪ ਨੂੰ ਬਣਾ ਦਸਣਾ ਹੈ। ਜੋ ਕੁਝ ਸੰਸਾਰ ਵਿਚ ਨਵੀਆਂ ਕਾਢਾਂ ਤੇ ਨਵੇਂ ਕੰਮ ਹੋ ਰਹੇ ਹਨ, ਇਹ ਸਤਿਗੁਰੂ ਜੀ ਦੇ ਵਰਕਸ਼ਾਪ ਦੀ ਇਕ ਚੰਗਿਆਰੀ ਹਨ।

ਸੋ, ਜਦ ਤਕ ਤੁਸੀਂ ਸਤਿਗੁਰ ਜੀ ਦੀ ਵਰਕਸ਼ਾਪ ਵਿੱਚੋਂ ਢਲ ਕੇ ਨਵੇਂ ਨਹੀਂ ਨਿਕਲਦੇ, ਜਦ ਤਕ ਸਤਿਗੁਰੂ ਜੀ ਦੇ ਆਦਰਸ਼ ਵਿਚ ਫ਼ਨਾਹ ਨਹੀਂ ਹੁੰਦੇ, ਤਦ ਤਕ ਤੁਸੀਂ ਦ੍ਵਿਜ, ਦੁਜਨਮੇ ਕਿਕੁਣ ਹੋ ਸਕਦੇ ਹੋ? ਅੰਮ੍ਰਿਤਧਾਰੀ ਕਿਕੁਣ ਹੋ ਸਕਦੇ ਹੋ ਤੇ ਸੰਸਾਰ ਨੂੰ ਸਿੱਖੀ ਦਾ ਸਬਕ ਕਿਕੁਣ ਪੜ੍ਹ ਸਕਦੇ ਹੋ?

ਆਪ ਦੇ ਸਾਹਮਣੇ 50 ਲੱਖ ਰੁਪਏ ਦੇ ਨਾਲ ਟ੍ਰਸਟ ਬਣਾਣ ਦੀ ਵਿਚਾਰ ਰੱਖੀ ਗਈ ਹੈ। ਜੇ ਕਦੀ ਪੰਜ ਲੱਖ ਸਿੱਖ ਪਰਿਵਾਰ 10/-10/- ਰੁਪਏ ਦੇ ਦੇਣ, ਤਦ ਇਹ ਟ੍ਰਸਟ ਅੱਜ ਮੁਕੰਮਲ ਹੋ ਜਾਂਦਾ ਹੈ। ਜਿਸਦੇ ਨਾਲ ਦਸਤਕਾਰੀ, ਜ਼ਰਾਇਤ ਆਦਿਕ ਦੇ ਕੰਮ ਉੱਨਤ ਹੋ ਸਕਦੇ ਹਨ ਤੇ ਸਾਡੀ ਰੋਟੀ ਦਾ ਸਵਾਲ ਬਹੁਤ ਹੱਦ ਤਕ ਹੱਲ ਹੋ ਸਕਦਾ ਹੈ। ਮਜ਼੍ਹਬੀ ਝਗੜਿਆਂ ਦਾ ਸਵਾਲ ਮਸਜਿਦਾਂ ਤੇ ਮੰਦਿਰਾਂ ਵਿਚ ਮੁੱਕੇਗਾ, ਕਿੰਤੂ ਸਤਿਗੁਰੂ ਜੀ ਕਹਿੰਦੇ ਹਨ ਕਿ ਤੁਸੀਂ ਆਪਣਾ ਦਿਲ ਬਦਲ ਕੇ ਮੰਦਿਰ ਬਣਾ ਲਉ, ਇਕ ਦੂਜੇ ਦੇ ਜਿਸਮ ਨੂੰ ਮੰਦਿਰ ਸਮਝ ਉਹਦੇ ਵਿਚ ਸਤਿਗੁਰੂ ਜੀ ਦੀ ਜੋਤ ਵੇਖ ਭੁੱਖੇ ਨੂੰ ਰੋਟੀ, ਪਿਆਸੇ ਨੂੰ ਪਾਣੀ ਤੇ ਨੰਗੇ ਨੂੰ ਕੱਪੜਾ ਦੇਵੋ। ਸਤਿਗੁਰੂ ਜੀ ਦਾ ਹੁਕਮ ਹੈ ਕਿ ਸੰਸਾਰ ਵਿਚ ਕੋਈ ਭੁੱਖਾ ਨਾ ਰਹੇ। ਕੋਈ ਯਤੀਮ ਨਾ ਰਹੇ। ਜਿਸ ਸਤਿਗੁਰੂ ਦੇ ਦਰਬਾਰੋਂ ਦਰਿਆਵਾਂ ਦੀਆਂ ਮੱਛੀਆਂ ਵੀ ਰਜਦੀਆਂ ਹਨ, ਉਹਦੇ ਲੰਗਰ ਵਿਚ ਕੋਈ ਭੁੱਖਾ ਕਿਉਂ ਰਹੇ?

ਹੁਣ ਦੁਨੀਆਂ ਬਾਹਰ ਦੇ ਚਿੰਨ੍ਹਾਂ ਤੋਂ ਤਸੱਲੀ ਨਹੀਂ ਪਾਏਗੀ, ਜਗਤ ਗੱਲਾਂ ਨਾਲ ਨਹੀਂ ਪਤੀਜੇਗਾ। ਆਪਣੀ ਸਿੱਖੀ ਕਰਨੀ ਨਾਲ ਦਸ ਕੇ ਹੀ ਦੂਜਿਆਂ ਦੇ ਦਿਲਾਂ ਵਿਚ ਘਰ ਕਰ ਸਕੋਗੇ। ਇਹ ਮਜ਼ਹਬੀ ਜੰਗ ਤਦ ਜਿੱਤਿਆ ਜਾਵੇਗਾ। ਇਹ ਅਕਾਲੀ ਲਹਿਰ ਦੀ ਫ਼ਤਹਿ ਤਦ ਹੀ ਹੋਵੇਗੀ ਤੇ ਜਗਤ ਕਲਗੀਆਂ ਵਾਲੇ ਗੁਰੂ ਦੇ ਝੰਡੇ ਹੇਠ ਤਦ ਹੀ ਆਵੇਗਾ, ਜਦ ਆਪ ਜ਼ਬਾਨੀ ਗੱਲਾਂ ਨਾਲ ਨਹੀਂ ਬਲਕਿ ਦਿਲ ਦੇ ਵਿੱਚੋਂ ਸਿੱਖੀ ਦੇ ਦਰਸ਼ਨ ਕਰਾਉਗੇ ਤੇ ਕਹਿ ਸਕੋਗੇ ਕਿ ਸਾਡੀ ਛਾਤੀ ਚੀਰ ਕੇ ਦੇਖ ਲਉ, ਅਸੀਂ ਸਿੱਖ ਹਾਂ।

ਕਰਤਾ ਪੁਰਖ ਦਾ ਅਰਥ ਸਮਝ ਕੇ ਕਰਤਾ, ਕਾਰੀਗਰ, ਦਸਤਕਾਰ ਬਣੋ। ਇਹ ਤੁਹਾਨੂੰ ਸਰੀਰ ਵਿਚ ਉੱਚਾ, ਵੱਡਾ ਤੇ ਦਿਲ ਵਿਚ ਆਲਮਗੀਰ ਬਣਾ ਦੇਵੇਗਾ। ਖ਼ਾਲਸਾ ਜੀ! ਸਮਾਂ ਆ ਗਿਆ ਹੈ, ਸਰੀਰ, ਦਿਲ ਤੇ ਦਿਮਾਗ ਵਿਚ ਉੱਚਿਆਂ ਹੋਣ ਦਾ! ਜਦ ਤਕ ਤੁਸੀਂ ਕਰਤਾ ਪੁਰਖ ਦੇ ਆਦਰਸ਼ ਨੂੰ ਜਾਣ ਕੇ ਕੋਮਲ ਹੁਨਰ, ਦਸਤਕਾਰੀ ਅਤੇ ਕਾਰੀਗਰੀ ਵਿਚ ਕਮਾਲ ਹਾਸਲ ਨਹੀਂ ਕਰ ਲੈਂਦੇ, ਜਦ ਤਕ ਤੁਸੀਂ ਦਿਲ ਤੇ ਦਿਮਾਗ ਨੂੰ ਉੱਚਾ ਨਹੀਂ ਕਰ ਲੈਂਦੇ; ਤਦ ਤਕ ਕੁਰਬਾਨੀ ਕਰ ਕੇ ਵੀ ਹਾਰ ਹੈ ਤੇ ਤੁਹਾਡੀਆਂ ਜਿੱਤਾਂ ਵੀ ਹਾਰ ਦੀ ਸ਼ਕਲ ਵਿਚ ਹਨ।

ਭੈਣੋ ਤੇ ਵੀਰੋ! ਜੀਵਨ ਗੱਲਾਂ ਨਹੀਂ। ਸੁਰਤਿ ਨੂੰ ਇਕਾਗਰ ਕਰਕੇ ਫ਼ਤਹਿ ਪਾਣ ਦਾ ਨਾਮ ਜੀਵਨ ਹੈ। ਖਿੰਡੀ ਸੁਰਤਿ ਕੁਝ ਨਹੀਂ ਬਣਾ ਸਕਦੀ। ਸਮੁੰਦਰ ਦੀਆਂ ਲਹਿਰਾਂ ਆਪਣੇ ਕੇਸਾਂ ਦਾ ਜੂੜਾ ਬਣਾ ਲੱਖਾਂ ਜਹਾਜ਼ਾਂ ਨੂੰ ਕਾਗਜ਼ ਦੀਆਂ ਬੇੜੀਆਂ ਵਾਂਗ ਟੋਟੇ ਟੋਟੇ ਕਰ ਦੇਂਦੀਆਂ ਹਨ। ਤਾਂ ਤੇ ਸੁਰਤ ਨੂੰ ਇਕਾਗਰ ਕਰਕੇ ਇਕੱਠੇ ਹੋ ਜਾਉ ਤੇ ਕਰਤਾ ਪੁਰਖ ਦੇ ਆਦਰਸ਼ ਨੂੰ ਸਮਝ ਕੇ ਗੁਰੂ ਦੇ ਲੰਗਰ ਵਿੱਚੋਂ ਸਭ ਨੂੰ ਤ੍ਰਿਪਤ ਕਰੋ।

– **ਪ੍ਰੋ. ਪੂਰਨ ਸਿੰਘ ਰਤਨਾਵਲੀ**, ਜਿਲਦ-1

## ਹਲ ਵਾਹੁਣ ਵਾਲੇ

ਓਏ! ਮੈਂ ਪੜ੍ਹਨ-ਪੜ੍ਹਾਨ ਸਾਰਾ ਛੱਡਿਆ,
ਦਿਲ ਮੇਰਾ ਆਣ ਵਾਹੀਆਂ ਵਿਚ ਖੁੱਭਿਆ,
ਪੈਲੀਆਂ ਮੇਰੀਆਂ ਕਿਤਾਬਾਂ ਹੋਈਆਂ,
ਜੱਟ ਬੂਟ ਮੇਰੇ ਯਾਰ ਵੋ।
ਲੱਸੀ ਦਾ ਛੰਨਾਂ ਦਿੰਦੇ,
ਬਾਜ਼ਰੇ ਦੀ ਰੋਟੀ,
ਮੱਖਣ ਦੀ ਪਿੰਨੀਂ ਦਿੰਦੇ,
ਦੁੱਧ ਦੀਆਂ ਕਟੋਰੀਆਂ।
ਸਾਗ ਦਿੰਦੇ, ਦਾਣੇ ਦਿੰਦੇ ਭੁੰਨੇ;
ਮੱਕੀ, ਜਵਾਰ ਤੇ ਛੋਲਿਆਂ।
ਪਾਣੀ ਠੰਡਾ ਖੂਹਾਂ ਦਾ ਦਿੰਦੇ,
ਖ਼ੁਸ਼ੀ ਦਿੰਦੇ ਪੀਣ ਨੂੰ, ਜੀਣ ਨੂੰ,
ਟਿੱਬੇ ਢੇਰ ਸਾਰੇ ਢਾਹ ਮਦਾਨ ਕਰਨ
ਇਹ ਲੋਕੀਂ ਹਨ ਮੇਰੇ ਰੱਬ ਦੀਆਂ ਪੈਲੀਆਂ।
ਬੀਜ ਬੀਜਣ, ਇਹ ਹਲ ਚਲਾਣ,
ਘਾਲਾਂ ਘਾਲਣ ਪੂਰੀਆਂ।
ਖਾਣ ਥੋੜਾ, ਪਹਿਨਣ ਮੋਟਾ-ਸੋਟਾ,
ਵੇਖਣ ਮੁੜ-ਮੁੜ ਵੱਲ ਬੱਦਲਾਂ,
ਇਹ ਹਨ ਜੱਗ ਦੇ ਭੰਡਾਰੀ,
ਰਾਜੇ ਹੱਥ ਅੱਡ-ਅੱਡ ਮੰਗਦੇ ਇੱਥੋਂ ਰੋਟੀਆਂ।

**-ਪ੍ਰੋ. ਪੂਰਨ ਸਿੰਘ ਕਾਵਿ ਰਚਨਾਵਲੀ** 'ਚੋਂ

# ਬਹੁ-ਪੱਖੀ ਸ਼ਖ਼ਸੀਅਤ ਪ੍ਰੋ. ਪੂਰਨ ਸਿੰਘ

❖ ਡਾ. ਐਮ. ਐਸ. ਅੰਮ੍ਰਿਤ

ਪ੍ਰੋ. ਪੂਰਨ ਸਿੰਘ ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਇਕ ਮਹੱਤਵਪੂਰਨ ਹਸਤਾਖਰ ਹਨ। ਇਸ ਪ੍ਰਤਿਭਾਸ਼ਾਲੀ ਚਿੰਤਕ, ਕਵੀ ਤੇ ਗੱਦਕਾਰ ਦੀ ਉੱਘੀ ਤੇ ਵਿਲੱਖਣ ਸ਼ਖਸੀਅਤ ਦੀ ਸਮੁੱਚੇ ਆਧੁਨਿਕ ਪੰਜਾਬੀ ਸਾਹਿਤ ਉੱਪਰ ਇਕ ਅਮਿੱਟ ਛਾਪ ਲੱਗ ਚੁੱਕੀ ਹੈ।

ਜਦੋਂ 1881 ਈ. ਨੂੰ ਭਾਰਤੀ ਕੌਮੀ ਕਾਂਗਰਸ ਦਾ ਜਨਮ ਹੋਇਆ, ਜਿਸ ਦਾ ਗੌਰਵਮਈ ਇਤਿਹਾਸ, ਦੇਸ਼ ਦੇ ਸੁਤੰਤਰਤਾ ਸੰਗ੍ਰਾਮ ਤੇ ਰਾਸ਼ਟਰੀ ਪ੍ਰੇਮ ਦਾ ਉੱਘੜਵਾਂ ਇਤਿਹਾਸ ਹੈ, ਠੀਕ ਉਸੇ ਵਰ੍ਹੇ 17 ਫ਼ਰਵਰੀ, ਦੇ ਸੁਭਾਗੇ ਦਿਹਾੜੇ ਸ੍ਰ. ਕਰਤਾਰ ਸਿੰਘ ਤੇ ਮਾਤਾ ਪਰਮਾ ਦੇਵੀ ਦੇ ਗ੍ਰਹਿ ਵਿਖੇ ਜ਼ਿਲ੍ਹਾ ਐਬਟਾਬਾਦ (ਪਾਕਿਸਤਾਨ) ਦੇ ਇਕ ਛੋਟੇ ਜਿਹੇ ਪਿੰਡ ਸਲਹੱਡ ਵਿਚ, ਸੁੰਦਰ ਨਕਸ਼ਾਂ ਵਾਲੇ ਬਾਲਕ ਦਾ ਜਨਮ ਹੋਇਆ, ਜਿਸ ਨੂੰ ਜਨਮ ਤੋਂ ਹੀ ਨਿਰੰਕਾਰ ਨੇ ਮਹਾਨ ਭਾਵੀ ਤੇ ਤੇਜੱਸਵੀ ਸ਼ਖਸੀਅਤ ਦਾ ਰੂਪ ਬਖ਼ਸ਼, ਮਹਾਨ ਚਿੰਤਕ, ਉੱਘੇ ਲੇਖਕ ਤੇ ਅਨੁਭਵੀ ਕਵੀ ਦੀ ਪ੍ਰਤਿਭਾ ਨੂੰ ਸਾਕਾਰ ਕਰ ਦਿੱਤਾ ਸੀ। ਉਨ੍ਹਾਂ ਨੇ ਪੂਰਬੀ ਤੇ ਪੱਛਮੀ, ਪ੍ਰਾਚੀਨ ਤੇ ਆਧੁਨਿਕ, ਅਰਸ਼ੀ ਤੇ ਫਰਸ਼ੀ ਗਿਆਨ-ਵਿਗਿਆਨ, ਕਲਾ ਤੇ ਸੰਸਕ੍ਰਿਤੀ ਨੂੰ ਇਕੋ ਨਿਰਮਲ ਤੱਕਣੀ ਨਾਲ ਘੋਖ ਲਿਆ ਸੀ।

ਐਬਟਾਬਾਦ ਦੇ ਆਲੇ-ਦੁਆਲੇ ਦੀ ਇਹੀ ਉਹ ਪਵਿੱਤਰ ਧਰਤੀ ਹੈ, ਜਿੱਥੇ ਗੰਧਾਰਾ ਕਲਾ ਤੇ ਸੰਸਕ੍ਰਿਤੀ ਨੇ ਸਿਖ਼ਰਾਂ ਨੂੰ ਛੂਹਿਆ ਸੀ, ਜਿੱਥੇ ਤਕਸ਼ਿਲਾ ਦੇ ਵਿਸ਼ਵ-ਵਿਦਿਆਲੇ ਵਿਚ ਪੂਰਬ ਤੇ ਪੱਛਮ ਦੇ ਚਿੰਤਨ ਨੇ ਗਿਆਨ ਨਾਲ ਦਸਤਪੰਜਾ ਲੈ, ਇਕ ਦੂਜੇ ਨੂੰ ਕਲਾਵੇ ਵਿਚ ਲੈ ਕੇ ਦੋਹਾਂ ਧਰਾਤਲਾਂ ਦੇ ਕੋਮਲ ਦਿਲਾਂ ਨੂੰ ਇਕ ਮਣਕੇ ਵਿਚ ਪਰੋ ਦਿੱਤਾ ਸੀ।

ਅੰਗਰੇਜ਼ੀ ਦੇ ਪ੍ਰਸਿੱਧ ਵਿਦਵਾਨ ਰੁਡਿਆਰ ਕਿਪਲਿੰਗ ਅਨੁਸਾਰ "ਪੂਰਬ ਪੂਰਬ ਹੈ ਤੇ ਪੱਛਮ ਪੱਛਮ ਹੈ। ਇਹ ਦੋਵੇਂ ਕਦੇ ਨਹੀਂ ਮਿਲ ਸਕਦੇ, ਪਰ ਪ੍ਰੋ. ਪੂਰਨ ਸਿੰਘ ਨੇ ਉਸ ਦੀ ਇਸ ਆਵਾਜ਼ ਨੂੰ ਸੁਣ ਕੇ ਆਖ ਦਿੱਤਾ ਸੀ "ਤੇਰੀ ਵੰਗਾਰ ਮੈਨੂੰ ਪਰਵਾਨ ਹੈ। ਤੈਨੂੰ ਦੋਹਾਂ ਸਿਰਿਆਂ ਨੂੰ ਮੇਲ ਕੇ ਦੱਸਾਂਗਾ ਕਿ ਪੂਰਬ ਤੇ ਪੱਛਮ ਵਿਚ ਕੋਈ ਅੰਤਰ ਨਹੀਂ ਹੈ, ਮਾਨਵਤਾ ਵਿਚ ਕੋਈ ਭੇਦ ਨਹੀਂ, ਉਹ ਅਖੰਡ ਹੈ।"

ਪੂਰਨ ਸਿੰਘ ਹਵੇਲੀਆਂ ਪਿੰਡ ਦੇ ਮੌਲਵੀ ਕੋਲੋ ਪੜ੍ਹੇ। ਗੁਰਦੁਆਰੇ ਦੇ ਭਾਈ ਬੇਲਾ ਸਿੰਘ ਕੋਲੋਂ ਗੁਰਮੁਖੀ ਅੱਖਰਾਂ ਦਾ ਗਿਆਨ ਹਾਸਿਲ ਕੀਤੀ, ਫੇਰ ਹਰੀਪੁਰ ਦੇ ਐਮ.ਬੀ. ਸਕੂਲ ਵਿਚੋਂ ਉਨ੍ਹਾਂ ਨੇ ਮਿਡਲ ਪਾਸ ਕੀਤਾ। ਏਥੋਂ ਦਾ ਮੁਖੀ ਇਸਾਈ ਸੀ। ਇਉਂ ਉਨ੍ਹਾਂ ਆਪਣੇ ਤਿੰਨਾਂ ਅਧਿਆਪਕਾਂ ਪਾਸੋਂ ਅਚੇਤ ਹੀ ਤਿੰਨਾਂ ਸੰਸਕ੍ਰਿਤੀਆਂ ਦਾ ਸਹਿਜੇ ਹੀ ਸਵਾਦ ਮਾਣ ਲਿਆ ਸੀ। ਰਾਵਲਪਿੰਡੀ ਤੋਂ ਮੈਟ੍ਰਿਕ ਪਾਸ ਕੀਤੀ, ਏਥੇ ਉਨ੍ਹਾਂ ਦੇ ਸੰਵੇਦਨਸ਼ੀਲ ਮਨ ਉੱਤੇ ਇਕ ਘਟਨਾ ਸਦਾ ਲਈ ਉਕਰੀ ਗਈ। ਉਨ੍ਹਾਂ ਨੇ ਇਸਤਰੀ ਜਾਤੀ ਉੱਤੇ ਸਦੀਆਂ ਤੋਂ ਹੋ ਰਹੇ ਜ਼ੁਲਮ ਦੀ ਨੰਗੀ ਤਸਵੀਰ ਤੱਕੀ ਤੇ ਉਹ ਵੀ ਆਪਣੇ ਪਰਿਵਾਰ 'ਚੋਂ। ਉਹਨਾਂ ਦੀ ਵੱਡੀ ਭੈਣ ਜ਼ਬਰ ਦਾ ਸ਼ਿਕਾਰ ਹੋ ਕੇ ਗੁਰਪੁਰੀ ਸਿਧਾਰ ਗਈ ਸੀ। ਸੂਖਮ-ਦਿਲ ਪੂਰਨ ਇਸਤਰੀ ਜਾਤੀ ਦੀ ਹਮਦਰਦੀ ਵਿਚ ਦ੍ਰਵ ਗਿਆ ਤੇ ਉਸ ਨੂੰ ਹਰੇਕ ਇਸਤਰੀ ਦਾ ਚਿਹਰਾ ਬੜਾ ਮਾਸੂਮ, ਨਾਜ਼ੁਕ ਤੇ ਮਜ਼ਲੂਮ ਨਜ਼ਰੀਂ ਆਇਆ।

ਪੂਰਨ ਸਿੰਘ ਵਿਚ ਪਠਾਣੀ ਧਰਤ 'ਤੇ ਵਿਚਰਦਿਆਂ ਪਠਾਣਾਂ ਵਰਗੀ ਨਿਡਰ ਸੁਤੰਤਰਤਾ ਪ੍ਰਵੇਸ਼ ਕਰ ਗਈ ਸੀ। ਉਨ੍ਹਾ ਨੂੰ ਮਾਂ ਦਾ ਦਿਲ ਸਾਗਰਾਂ ਜਿੱਡਾ ਵਿਸ਼ਾਲ ਦਿੱਸ ਆਇਆ। ਹਰ ਮਾਂ ਆਪਣੇ ਬੱਚੇ ਦੀ ਹੀ ਨਹੀਂ, ਸਗੋਂ ਸੰਸਾਰ ਦੇ ਸਭ ਬੱਚਿਆਂ ਦੀ ਸਾਂਝੀ ਖੈਰ ਮੰਗਦੀ ਹੈ।

1899 ਈ. ਵਿਚ ਉਨ੍ਹਾਂ ਨੇ ਇੰਟਰ ਪਾਸ ਕੀਤਾ। ਪੂਰਨ ਸਿੰਘ ਇਕ ਬੰਨੇ ਸੰਸਕ੍ਰਿਤ ਪੜ੍ਹਦੇ ਸਨ ਤੇ ਦੂਜੇ ਬੰਨੇ ਸਾਇੰਸ। ਉਹ ਅਸਾਧਾਰਣ ਬੁੱਧੀ ਦੇ ਮਾਲਕ ਸਨ। ਜਿਸ ਕਰਕੇ ਉਨ੍ਹਾਂ ਨੂੰ ਪਰਯੋਗਿਕ ਰਸਾਇਣ ਵਿਗਿਆਨ ਦੀ ਉਚੇਰੀ ਪੜ੍ਹਾਈ ਲਈ ਜਪਾਨ ਦੇ ਟੋਕੀਓ ਵਿਸ਼ਵ ਵਿਦਿਆਲੇ ਲਈ ਚੁਣਿਆ ਗਿਆ। ਏਥੇ ਹੀ ਉਨ੍ਹਾਂ ਦਾ ਮੇਲ ਜਗਤ ਪ੍ਰਸਿੱਧ ਸਕਾਲਰ ਸਵਾਮੀ ਰਾਮ ਤੀਰਥ ਨਾਲ ਹੋਇਆ, ਜਿਨ੍ਹਾਂ ਦੇ ਪ੍ਰਭਾਵ ਅਧੀਨ ਉਹ ਵੇਦਾਤੀਂ ਬਣ ਗਏ।

ਪ੍ਰੋ. ਪੂਰਨ ਸਿੰਘ ਕੇਵਲ ਵਿਗਿਆਨ ਦੇ ਹੀ ਸ਼ਿਸ਼ ਨਹੀਂ ਸਨ, ਉਹ ਵਿਸ਼ਵ ਗਿਆਨ, ਚਿੰਤਨ, ਧਰਮ, ਸਾਹਿਤ ਤੇ ਕਲਾ ਦਾ ਪਾਠਕ ਤੇ ਪਾਰਖੂ ਬਣ ਗਏ। ਦੇਸ਼ ਭਗਤਾਂ ਨਾਲ ਉਨ੍ਹਾਂ ਦਾ ਸਿੱਧਾ ਸੰਪਰਕ ਸੀ। ਮੁੱਖ ਯੂਨੀਵਰਸਿਟੀਆਂ ਨਾਲ ਉਸ ਦੀ ਅਮਿੱਟ ਸਾਂਝ ਸਥਾਪਿਤ ਹੋ ਚੁੱਕੀ ਸੀ।

ਸਵਾਮੀ ਰਾਮ ਤੀਰਥ ਦਾ ਵੇਦਾਂਤ-ਦਰਸ਼ਨ ਪ੍ਰੋ. ਪੂਰਨ ਸਿੰਘ ਦੇ ਧੁਰ ਅੰਦਰ ਸੀ। ਦੂਜੇ ਬੰਨੇ ਉਨ੍ਹਾਂ ਵਿਚ ਬੋਧੀ-ਭਿਕਸ਼ੂਆਂ ਵਾਲੇ ਨਿਰਵਾਣ-ਸਿਧਾਂਤ ਦੀ ਚੇਤੰਨਤਾ ਸੀ, ਜਿਸ ਨੂੰ ਸਵਾਮੀ ਜੀ ਦੀ ਮਹਾਨ ਆਤਮਾ ਨੇ ਵੇਦਾਂਤੀ-ਸਾਧੂ ਵਿਚ ਤਬਦੀਲ ਕਰ ਦਿੱਤਾ ਸੀ। ਪੰਜਾਬ ਤੋਂ ਉਹ ਇਕ ਸਿੱਖ ਗੱਭਰੂ ਦੇ ਰੂਪ ਵਿਚ ਜਪਾਨ ਪੁੱਜੇ ਸੀ ਪਰ ਉੱਥੋਂ ਉਹ ਘੋਨ-ਮੋਨ ਹੋ ਕੇ ਤੇ ਗੇਰੂ ਬਸਤਰਾਂ ਵਾਲਾ ਸੰਨਿਆਸੀ ਬਣ ਕੇ 1903 ਈ. ਵਿਚ ਪੰਜਾਬ ਪਰਤੇ ਅਤੇ ਘਰਦਿਆਂ ਨੇ ਇਸ ਤਬਦੀਲੀ 'ਤੇ ਹੈਰਾਨੀ ਤੇ ਚਿੰਤਾ ਪ੍ਰਗਟ ਕੀਤੀ।

1904 ਈ. ਵਿਚ ਪ੍ਰੋ. ਪੂਰਨ ਸਿੰਘ ਨੇ ਗ੍ਰਹਿਸਤੀ ਜੀਵਨ ਧਾਰਨ ਕੀਤਾ। ਉਹ ਇਕ ਅਮੋੜ ਤੇ ਸਿਰੜੀ ਖੋਜੀ ਤੇ ਵਿਗਿਆਨੀ, ਅਨੁਭਵੀ ਸ਼ਾਇਰ, ਭਾਸ਼ਣਕਾਰ, ਪੱਤਰਕਾਰ ਅਤੇ ਸਮਾਜ ਸੁਧਾਰਕ ਸਨ। ਨਿਰਸੰਦੇਹ ਉਹ ਇਕ ਬਹੁਪੱਖੀ ਸਾਹਿਤਕਾਰ ਸਨ। ਉਨ੍ਹਾਂ ਦਾ ਜੀਵਨ ਇਕ ਆਦਰਸ਼ਕ ਜੀਵਨ ਸੀ। ਉਹ ਮਾਇਆਵਾਦੀ ਵਿਅਕਤੀ ਨਹੀਂ ਸਨ। ਉਹ ਤਾਂ ਨਿਰਲੇਪ ਕਿਸਮ ਦੇ ਇਕ ਸੁਤੰਤਰ ਸੋਚਣੀ ਦੇ ਜੀਊੜੇ ਸਨ। ਉਹ ਠੀਕਰੀਆਂ ਦੀ ਪੂਜਾ ਨਾਲੋਂ ਰੱਬ ਦੇ ਬੰਦਿਆਂ ਦੀ ਪੂਜਾ ਦੇ ਸ਼ੈਦਾਈ ਸਨ। ਅਕਾਸ਼ੀ ਮੰਡਲਾਂ ਵਿਚ ਵਿਚਰਨ ਵਾਲੇ, ਗਰਜ਼ਾਂ ਦੀਆਂ ਤੰਗ ਵਲਗਣਾਂ ਵਿਚ ਕਿੰਨਾ ਕੁ ਚਿਰ ਕੈਦ ਰਹਿ ਸਕਦੇ ਹਨ। ਜਦੋਂ ਉਨ੍ਹਾਂ ਅੰਗਰੇਜ਼ੀ ਭਾਸ਼ਾ ਵਿਚ *Thundering Dawn* ਦਾ ਪੱਤਰ ਜਾਰੀ ਕੀਤਾ ਤਾਂ ਉਸੇ ਵਰ੍ਹੇ ਉਹਨਾਂ ਨੂੰ ਵਿਕਟੋਰੀਆਂ ਡਾਇਮੰਡ ਜੁਬਲੀ ਹਿੰਦੂ ਟੈਕਨੀਕਲ ਇੰਸਟੀਟਿਊਟ ਦਾ ਪ੍ਰਿੰਸੀਪਲ ਨਿਯੁਕਤ ਕੀਤਾ ਗਿਆ।

ਉਹ ਇੰਨੇ ਜ਼ਜਬਾਤੀ ਤੇ ਭਾਵੁਕ ਸਨ ਕਿ ਘਰ ਵਿਚ ਕਿਸੇ ਸੰਨਿਆਸੀ ਦਾ ਅਪਮਾਨ ਬਰਦਾਸ਼ਤ ਨਹੀਂ ਸਨ ਕਰਦੇ ਅਤੇ ਘਰ ਦੇ ਭਾਂਡੇ ਤੱਕ ਭੰਨ ਦਿੰਦੇ ਸਨ। ਪਰ ਦੂਜੇ ਪਾਸੇ ਕੋਮਲਚਿਤ ਏਨੇ ਕਿ ਕਿਸੇ ਸ਼ਿਕਾਰੀ ਕੋਲੋਂ ਟੋਕਰੀ ਤੇ ਜਾਲੀ ਵਿਚ ਫਾਹੀਆਂ ਚਿੜੀਆਂ ਨੂੰ ਅਜ਼ਾਦ ਕਰਵਾਉਣ ਲਈ 30 ਰੁਪਏ ਦੇ ਕੇ ਇਕ ਅਗੰਮੀ ਖ਼ੁਸ਼ੀ ਅਨੁਭਵ ਕਰਦੇ।

ਕਦੇ ਉਹਨਾਂ ਦਾ ਮੇਲ ਪ੍ਰਸਿੱਧ ਗਾਇਕ ਵਿਸ਼ਨੂੰ ਦਿਗੰਬਰ ਨਾਲ ਹੁੰਦਾ ਹੈ, ਤਾਂ ਕਦੇ ਵਿਸ਼ਵ ਵਿਆਪੀ ਉਰਦੂ ਸ਼ਾਇਰ ਇਕਬਾਲ ਨਾਲ, ਤੇ ਕਦੀ ਕਿਸੇ ਵਿਗਿਆਨੀ ਨਾਲ ਤੇ ਕਦੀ ਡਾ. ਖ਼ੁਦਾਦਾਦ ਅਤੇ ਕਦੀ ਪੰਡਿਤ ਹਰਦਿਆਲ ਐਮ.ਏ. ਨਾਲ। ਇਹ ਸਾਰੇ ਮਹਾਨ ਵਿਅਕਤੀ ਪ੍ਰੋ. ਪੂਰਨ ਸਿੰਘ ਦਾ ਹਾਰਦਿਕ ਸਤਿਕਾਰ ਕਰਦੇ ਸਨ।

1912 ਈ. ਵਿਚ ਪੂਰਨ ਸਿੰਘ ਦਾ ਸਹਿਵਨ ਹੀ ਮੇਲ ਪੰਜਾਬੀ ਦੇ ਅਧਿਆਤਮਕ ਕਵੀ ਭਾਈ ਵੀਰ ਸਿੰਘ ਨਾਲ ਹੋਇਆ।ਉਨ੍ਹਾਂ ਦੀ ਪ੍ਰੇਰਨਾ ਨਾਲ ਪ੍ਰੋ. ਪੂਰਨ ਸਿੰਘ ਮੁੜ ਸਿੱਖੀ ਜਾਮੇ ਵਿਚ ਆ ਗਏ ਤੇ ਉਨ੍ਹਾਂ ਗੁਰਮਤਿ ਸਹਿਜ ਜੀਵਨ ਦਾ ਟਿਕਾਉ ਵਾਲਾ ਮਹਾ-ਅਨੰਦ ਹਾਸਿਲ ਕੀਤਾ। ਏਥੇ ਸਹੀ ਅਰਥਾਂ ਵਿਚ ਪ੍ਰੋ. ਪੂਰਨ ਸਿੰਘ 'ਪੂਰਨ' ਬਣ ਗਏ ਅਤੇ 'ਸਿੰਘ' ਵੀ। ਇਹ ਦੋਵੇਂ ਵਿਸ਼ੇਸ਼ਣ ਉਨ੍ਹਾਂ ਦੀ ਸ਼ਖ਼ਸੀਅਤ ਦੇ ਅਨਿੱਖੜ ਅੱਖਰ ਹਨ।

ਪ੍ਰੋ. ਪੂਰਨ ਸਿੰਘ ਵਰਗੀ ਮਹਾਨ ਤੇ ਲਾਸਾਨੀ ਸ਼ਖ਼ਸੀਅਤ ਕਿਸੇ ਤੋਂ ਪ੍ਰੇਰਣਾ ਤਾਂ ਲੈ ਸਕਦੀ ਸੀ ਪਰ ਕਿਸੇ ਦੀ ਪਿਛਲੱਗ ਨਹੀਂ ਸੀ ਬਣ ਸਕਦੀ। ਭਾਈ ਵੀਰ ਸਿੰਘ ਇਕ ਪੂਰਵੀ ਲੇਖਕ *(Oriental Writer)* ਸਨ ਪਰ ਪ੍ਰੋ. ਪੂਰਨ ਸਿੰਘ ਦਾ ਸੋਚਣ ਢੰਗ ਨਿਰੋਲ ਨਿੱਜੀ ਸੀ ਤੇ ਪ੍ਰਗਟਾ ਢੰਗ ਅਸਲੋਂ ਆਧੁਨਿਕ। ਸ਼ੈਲੀ ਇਕਦਮ ਨਵੀਨ ਤੇ ਜਗਤ ਵਿਆਪੀ ਸੀ। ਉਨ੍ਹਾਂ ਦੇ ਅਧਿਐਨ ਦਾ ਖੇਤਰ ਬਹੁਤ ਮੋਕਲਾ ਤੇ ਵਿਸ਼ਾਲ ਸੀ ਤੇ ਪੱਛਮੀ ਸਾਹਿਤ-ਦਰਸ਼ਨ ਦਾ ਬੋਧ ਅਮੁੱਕ ਸੀ। ਪ੍ਰੋ. ਪੂਰਨ ਸਿੰਘ ਅੰਗਰੇਜ਼ੀ, ਹਿੰਦੀ ਤੇ ਪੰਜਾਬੀ ਭਾਸ਼ਾਵਾਂ ਦੇ ਲੇਖਕ ਸਨ। ਪੰਜਾਬੀ ਭਾਸ਼ਾ ਵਿਚ ਉਨ੍ਹਾਂ ਨੇ **ਖੁੱਲ੍ਹੇ ਲੇਖ, ਖੁੱਲ੍ਹੇ ਮੈਦਾਨ, ਖੁੱਲ੍ਹੇ ਘੁੰਡ** ਤੇ **ਖੁੱਲ੍ਹੇ ਅਸਮਾਨੀ ਰੰਗ** ਆਦਿ ਪੁਸਤਕਾਂ ਖੁੱਲ੍ਹੇ ਅਜ਼ਾਦ ਸੈਲਾਨੀ ਛੰਦ ਵਿਚ ਲਿਖ ਕੇ ਇਕ ਨਿਵੇਕਲੀ ਤੇ ਵਿਲੱਖਣ ਲੀਹ ਤੋਰੀ। ਇਸ ਮਹਿਕਾਂ ਖਿਲਾਰਨ ਵਾਲੀ ਅਨੁਭਵੀ ਸ਼ਖ਼ਸੀਅਤ ਦੀਆਂ ਰਚੀਆਂ ਹੋਰ ਪੁਸਤਕਾਂ ਇਸ ਪ੍ਰਕਾਰ ਹਨ: **ਦਸ ਗੁਰੂ ਜੋਤ, ਰੂਹ ਦੇ ਜਾਏ ਲੋਕ, ਪੂਰਬੀ ਕਾਵਿ ਦੀ ਆਤਮਾ, ਚਰਨ ਕਮਲ, ਸਵਾਮੀ ਰਾਮ ਤੀਰਥ ਦਾ ਜੀਵਨ ਬਿਰਤਾਂਤ, ਗਦ ਕਾਵਿ ਦੀਆਂ ਸੱਤ ਖਾਰੀਆਂ, ਅਣਪਰੋਏ ਮਣਕੇ, ਆਪੇ ਨਾਲ ਗੁਜ਼ਾਰੀ ਇਕ ਦੁਪਹਿਰ, ਜਗਦੀਆਂ ਜੋਤਾਂ, ਤ੍ਰਿੰਝਣ ਦੀਆਂ ਸਖੀਆਂ** ਆਦਿ। ਇਨ੍ਹਾਂ ਉਕਤ ਰਚਨਾਵਾਂ ਵਿਚ ਉਹ ਇਸ ਪਦਾਰਥਕ ਜਗਤ ਤੇ ਮਿੱਟੀ ਘੱਟੇ ਤੋਂ ਸਦਾ ਅਛੋਹ ਤੇ ਨਿਰਮਲ ਹਨ। ਇਨ੍ਹਾਂ ਵਿਚ ਸਮੇਂ ਦੀ ਆਤਮਾ ਦਾ ਚਿੱਤਰ ਵੀ ਮੌਜੂਦ ਹੈ ਪਰ ਸਭ ਤੋਂ ਵਧੇਰੇ ਸਰਬ-ਸਮਿਆਂ ਦਾ ਚਰਿੱਤਰ ਸੁਭਾਇਮਾਨ ਹੈ ਤੇ ਇਹ ਸਾਡੇ ਸਾਹਿਤ-ਜਗਤ ਦਾ ਅਮੀਰ, ਅਖੁੱਟ ਤੇ ਜਿਊਂਦਾ ਜਾਗਦਾ ਵਿਰਸਾ ਹੈ।

ਪ੍ਰੋ. ਪੂਰਨ ਸਿੰਘ ਜੀ ਦੀ ਰਚਨਾ ਦਾ ਘੇਰਾ ਬੜਾ ਵਿਸ਼ਾਲ ਹੈ। ਕਵਿਤਾ ਵਿਚ ਉਹ ਇਕ ਨਵੀਂ ਧਾਰਾ ਦੇ ਮੋਢੀ ਸਿਰਜਕ ਹਨ ਅਤੇ ਵਾਰਤਕ ਵਿਚ ਪਹਿਲੇ ਅਨੋਖੇ, ਨਿਵੇਕਲੇ ਤੇ ਵਿਲੱਖਣ ਨਿਬੰਧਕਾਰ। ਗਦ-ਪਦ ਤੋਂ ਇਲਾਵਾ ਪ੍ਰੋ. ਪੂਰਨ ਸਿੰਘ ਨੇ ਉਲੱਥਾਕਾਰੀ ਵਿਚ ਵੀ ਨਿੱਗਰ-ਕਾਰਜ ਨੇਪਰੇ ਚਾੜ੍ਹ ਕੇ ਨਵੇਂ ਪੂਰਨੇ ਪਾਏ ਹਨ। *The Spirit of Oriental Poetry* ਪੁਸਤਕ ਉਪਰ ਚਰਚਾ ਕਰਦਿਆਂ, ਪ੍ਰੋ. ਕਿਰਪਾਲ ਸਿੰਘ ਕਸੇਲ ਲਿਖਦੇ ਹਨ: "ਇਹ ਇਕੋ ਪੁਸਤਕ ਹੀ ਪ੍ਰੋ. ਪੂਰਨ ਸਿੰਘ ਦੀ ਲਾਜਵਾਬ ਸਾਹਿਤਕ ਚੇਤੰਨਤਾ ਦੀ ਸਾਖੀ ਭਰਦੀ ਹੈ ਤੇ ਉਸ ਨੂੰ ਮੌਲਿਕ ਸਾਹਿਤਕ ਚਿੰਤਕ ਦੇ ਤੌਰ 'ਤੇ ਸਦਾ ਲਈ ਸਥਾਪਿਤ ਕਰ ਦਿੰਦੀ ਹੈ। ਜਿੰਨੇ ਉੱਚੇ ਖਿਆਲ ਇਸ ਵਿਚ ਦੱਸੇ ਗਏ ਹਨ, ਉਨੀ ਹੀ ਸ਼ੈਲੀ ਦਾ ਪ੍ਰਯੋਗ ਕੀਤਾ ਗਿਆ ਹੈ।"

ਉਪਰੋਕਤ ਪੁਸਤਕ ਵਿਚ ਜੈ ਦੇਵ ਦੀ ਜਗਤ-ਪ੍ਰਸਿੱਧ ਰਚਨਾ **ਗੀਤ ਗੋਬਿੰਦ** ਦਾ ਅਨੁਵਾਦ ਹੈ। ਇੰਜ ਇਹ ਬਹੁਤ ਵੱਡਾ ਲਾਲਾਂ, ਮੋਤੀਆਂ ਦਾ ਕੀਮਤੀ ਖਜ਼ਾਨਾ ਤੇ ਸੁੰਦਰ ਪੁਸ਼ਪ ਬਾਗ ਹੈ। **ਤ੍ਰਿੰਝਣ ਦੀਆਂ ਸਖੀਆਂ** ਵਿਚਲੀ ਸਾਰੀ ਕਵਿਤਾ ਨੂੰ ਇਸ ਅਨੁਭਵੀ ਕਵੀ ਨੇ 'ਸਿੱਖ ਕਵਿਤਾ' ਆਖਿਆ ਹੈ। ਇਸ ਵਿਚ ਜਿੱਥੇ ਰਾਜ-ਹੰਸ, ਕੋਇਲ, ਚਾਤਰਿਕ ਤੇ ਪਾਰਸ ਰਾਹੀਂ ਜੀਵਨ ਦੇ ਉੱਚੇ ਆਦਰਸ਼ਾਂ ਨੂੰ ਪ੍ਰਤੀਕਮਈ ਢੰਗ ਨਾਲ ਖੋਲ੍ਹਿਆ ਹੈ। ਉੱਥੇ 'ਇਸਤਰੀ' ਨਾਮੀ ਲੰਮੇਰੀ ਕਵਿਤਾ ਵਿਚ ਪੰਜਾਬ ਤੇ ਪੋਠੋਹਾਰ ਦੇ ਸਭਿਆਚਾਰਕ ਦ੍ਰਿਸ਼ ਦ੍ਰਿਸ਼ਟੀਗੋਚਰ ਕੀਤੇ ਹਨ। ਬਾਕੀ ਦੀਆਂ ਕਵਿਤਾਵਾਂ ਵਿਚ ਸਿੱਖ ਅਧਿਆਤਮਵਾਦ ਦੇ ਨਵੇਂ ਰੂਪ ਦੇ ਖੁੱਲ੍ਹੇ ਦੀਦਾਰੇ ਕਰਵਾਏ ਹਨ। 'ਚਰਨ ਕਮਲਾਂ ਉੱਤੇ' ਨਾਂ ਦੀ ਲੰਮੀ ਕਵਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਅਣੀਆਲੇ ਤੀਰਾਂ ਦੀਆਂ ਸੁਨਹਿਰੀ ਅਣੀਆਂ ਤੇ ਨੋਕਾਂ ਦੀ ਝਲਕਾਰ ਤੇ ਕਲਗ਼ੀ ਦੇ ਪ੍ਰਕਾਸ਼ ਦੀ ਲਿਸ਼ਕਦੀ ਲਿਸਕਾਰ ਹੈ।

ਪ੍ਰੋ. ਪੂਰਨ ਸਿੰਘ ਦੇ ਪੈਰਾਂ ਵਿਚ ਭ੍ਰਮਣ-ਚੱਕਰ ਸੀ। ਉਹ ਕਦੀ ਵੀ ਇਕ ਥਾਂ ਨਹੀਂ ਸਨ ਟਿਕਦੇ । 1918 ਈ. ਵਿਚ ਪਟਿਆਲੇ, 1919-23 ਈ. ਤੱਕ ਗਵਾਲੀਅਰ ਰਿਆਸਤ ਵਿਚ ਅਤੇ 1926 ਈ. ਵਿਚ ਕਸ਼ਮੀਰ ਦੇ ਮਹਾਰਾਜਾ ਪਾਸ ਨੌਕਰੀ ਕੀਤੀ। ਜਿੱਥੇ ਉਨ੍ਹਾਂ ਨੂੰ ਮਾਹੌਲ ਰਾਸ ਨਾ ਆਉਂਦਾ ਉਹ ਅਪੌਛਲੇ ਜਿਹੇ ਉੱਥੋਂ ਟਿੱਭ ਜਾਂਦੇ।ਉਹ ਇਕ ਅਬੁੱਝ ਲਾਟ ਤੇ ਸੁਤੰਤਰ ਰੂਹ ਦੇ ਸਵਾਮੀ ਸਨ, ਜੋ ਕਿਸੇ ਦੀ ਅਧੀਨਗੀ ਕਬੂਲਣ ਲਈ ਹਰਗਿਜ਼ ਤਿਆਰ ਨਹੀਂ ਸਨ। ਨਿਰਵਾਣ-ਮੁਕਤੀ ਪ੍ਰਾਪਤ ਕਰ ਚੁੱਕੀ ਸੱਚੀ ਸੁੱਚੀ ਆਤਮਾ ਤੇ ਫੁੱਲਾਂ ਦੀ ਸੁਗੰਧ ਕਿੰਝ ਮਸਨੂਈ ਦੁਨਿਆਵੀ ਕੈਦ ਦੀ ਚਾਰਦੀਵਾਰੀ ਵਿਚ ਬੰਨ੍ਹੀ ਰਹਿ ਸਕਦੀ ਹੈ।

1926 ਈ. ਵਿਚ ਚੱਕ ਨੰ. 13/19 ਸ਼ੇਖ਼ੂਪੁਰਾ (ਪਾਕਿਸਤਾਨ) ਵਿਚ ਪੰਜਾਬ ਸਰਕਾਰ ਨੇ ਉਨ੍ਹਾਂ ਨੂੰ 15 ਮੁਰੱਬੇ, ਰੋਸ਼ਾ ਘਾਹ ਉਗਾਉਣ ਲਈ ਦਿੱਤੇ ਪਰ ਅਚਾਨਕ ਹੜ੍ਹ, ਪਰਿਸ਼ਰਮ ਤੇ ਮਿਹਨਤ ਨਾਲ ਲਗਾਏ ਰੋਸ਼ਾ ਘਾਹ ਨੂੰ ਰੋੜ੍ਹ ਕੇ ਲੈ ਗਏ ਪਰ ਜਿਹੜਾ ਸਾਹਿਤਕ ਤੇ ਕਾਵਿਕ-ਹੜ੍ਹ ਪ੍ਰੋ. ਪੂਰਨ ਸਿੰਘ ਦੇ ਧੁਰ ਅੰਦਰ ਤਕ ਰਮਿਆ ਹੋਇਆ ਸੀ, ਉਸ ਨੂੰ ਭਲਾ ਕਿਹੜੀ ਸ਼ਕਤੀ ਰੋੜ੍ਹ ਸਕਦੀ ਸੀ। ਕੇਵਲ ਲਿਖੀਆਂ ਪੁਸਤਕਾਂ ਤੇ ਖਰੜਿਆਂ ਦਾ ਟਰੰਕ ਆਪਣੇ ਕੋਲ ਸਾਂਭਦਿਆਂ ਇਕ ਉੱਚੀ ਥਾਂ ਬੈਠ ਕੇ, ਰੱਬ ਦਾ ਸ਼ੁਕਰ ਅਲਾਉਣ ਲੱਗੇ:

**ਭਲਾ ਹੋਇਆ ਮੇਰਾ ਚਰਖਾ ਟੁੱਟਾ ਜ਼ਿੰਦ ਅਜ਼ਾਬੋਂ ਛੁੱਟੀ।**


ਬਾਰ ਦੇ ਜੰਗਲਾਂ ਵਿਚ ਉਨ੍ਹਾਂ ਨੂੰ ਤਪਦਿਕ ਦੇ ਰੋਗ ਨੇ ਅਜਿਹਾ ਗ੍ਰਸਿਆ ਕਿ ਇਲਾਜ਼ ਵਾਸਤੇ ਉਨ੍ਹਾਂ ਨੂੰ ਦੇਹਰਾਦੂਨ (ਯੂ.ਪੀ) ਵਿਚ ਲਿਆਂਦਾ ਗਿਆ, ਜਿੱਥੇ ਇਹ ਪੁਰਾਣੇ ਪੰਜਾਬ ਨੂੰ, ਪੁਰਾਣੀ ਸੰਸਕ੍ਰਿਤੀ ਨੂੰ ਹਾਕਾਂ ਮਾਰਨ ਵਾਲਾ, ਮਸਤ ਮੌਲਾ, ਜ਼ਜਬਾਤੀ ਤੇ ਅਨੁਭਵੀ, ਨਿਸ਼ਕਪਟ ਅਤੇ ਅਲਬੇਲੀ ਰੂਹ ਵਾਲਾ ਸ਼ਾਇਰ 31 ਮਾਰਚ, 1931 ਨੂੰ ਇਸ ਨਾਸ਼ਵਾਨ ਸੰਸਾਰ ਨੂੰ ਆਪਣੀ ਅੰਤਿਮ ਫ਼ਤਿਹ ਬੁਲਾ ਕੇ ਪਰਮ-ਆਤਮਾ ਵਿਚ ਅਭੇਦ ਹੋ ਗਿਆ।

- **ਪ੍ਰਮੁੱਖ ਸਿੱਖ ਸ਼ਖ਼ਸੀਅਤਾਂ** ਵਿਚੋਂ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ...

# ਭਾਈ ਸੋਮਾ

**ਸ੍ਰਮੁ ਕਰਤੇ ਦਮ ਆਢ**
**ਕਉ ਤੇ ਗਨੀ ਧਨੀਤਾ॥**




ਅਰਥ ਇਹ ਹੈ ਕਿ ਮੁਸ਼ੱਕਤਾਂ ਕਰਦੇ ਸਨ ਜਿਹੜੇ ਅੱਧੀ ਦਮੜੀ ਲਈ ਓਹ ਰੱਜੇ ਹੋਏ ਧਨਵਾਨ ਹੋ ਗਏ। ਇਸਦਾ ਭਾਵ ਇਉਂ ਹੈ ਕਿ ਜੋ ਨਾਮ ਪਦਾਰਥ ਤੋਂ ਵਿਰਵੇ ਸਨ ਓਹ ਸਤਿਸੰਗ ਨੂੰ ਪ੍ਰਾਪਤ ਹੋ ਕੇ ਗਜਾਨਵਾਨ ਤੇ ਪੂਰਨ ਪ੍ਰੇਮ ਸਰੂਪ ਹੋ ਗਏ। ਦੇਖੋ ਸਾਧ ਸੰਗਤ ਜੀ! ਕਸ਼ਮੀਰ ਵਿਚ ਇਕ ਬ੍ਰਹਮਦਾਸ ਨਾਮੇ ਪੰਡਿਤ ਸੀ, ਸ਼ਾਸਤ੍ਰ ਵਿਦਜਾ ਵਿਖੇ ਅਤਿ ਦਾ ਨਿਪੁਨ। ਉਸਦੇ ਨਾਲ ਦੋ ਊਠ ਪੁਸਤਕਾਂ ਦੇ ਰਹਿਣ ਤੇ ਗਲ ਵਿਚ ਠਾਕੁਰ ਦੀ ਪ੍ਰਤਿਮਾ ਲਟਕੇ ਜੋ ਹਰ ਵੇਲੇ ਪੂਜਾ ਹੁੰਦੀ ਰਹੇ ਤੇ ਹਰ ਵੇਲੇ ਧਿਆਨ ਖਿੱਚੀਂਦਾ ਰਹੇ, ਪਰ ਸ਼ਾਂਤਿ ਨਾ ਲੱਭੀਓਸੁ। ਤਰਲੇ ਲਵੇ ਜੋ ਹਰਿ ਧਨ ਦੀ ਕੋਈ ਕੌਡੀ ਦਮੜੀ ਲੱਭੇ। ਜਦ ਗੁਰੂ ਨਾਨਕ ਦੇਵ ਜੀ ਨੂੰ ਮਿਲਕੇ 'ਗੁਰ ਭੇਟਿ ਪੁਨੀਤਾ' ਹੋ ਗਿਆ ਤਾਂ ਉਸਨੇ ਪੁਸਤਕਾਂ ਬੇਲੋੜੀਆਂ ਸਮਝੀਆਂ। ਲਿਖਿਆ ਹੈ-- "ਤਬ ਆਇ ਗੁਰੂ ਬਾਬੇ ਦੀ ਪੈਰੀਂ ਪਇਆ, ਦੋਵੇਂ ਊਠ ਪੁਰਾਣਾ ਦੇ ਸੁਟ ਪਾਏ। ਗੁਰੂ ਗੁਰੂ ਲਗਾ ਜਪਨਿ। ਸੰਗਤਾਂ ਦੀ ਚਰਣ ਰੇਣੁ ਹੋਆ"। ਦੇਖੋ ਸੰਗਤਿ ਜੀਓ! ਜਦ ਇਹ ਨਾਮ ਧਨ ਵਲੋਂ ਕੰਗਾਲ ਨਾਮ ਧਨ ਦਾ ਪਾਤ੍ਰ ਹੋ ਗਿਆ ਤਾਂ 'ਸੰਗਤ ਦੀ ਚਰਣ ਰੇਣੁ ਹੋਆ' ਲਿਖਿਆ ਹੈ। ਮੁੱਢ ਵਿਚ ਇਸੇ ਸਤਿ ਪੁਰਖ ਦੇ ਸਤਿਸੰਗ ਤੋਂ ਕਸ਼ਮੀਰ ਵਿਚ ਸਿੱਖੀ ਫੈਲੀ। ਹਾਂ ਸਾਧ ਸੰਗਤਿ ਜੀ ! ਇਸ ਭਲੇ ਪੁਰਖ, ਇਸ ਸਾਧੂ ਦੇ ਅਸੀਂ ਬੀ ਸਾਰੇ ਰਿਣੀ ਹਾਂ। ਜੋ ਇਸ ਪਰਥਾਇ ਗੁਰੂ ਬਾਬੇ ਦੇ ਵਾਕ ਹੋਏ ਸੋ ਗੁਰੂ ਬਾਬੇ ਨੇ ਵਾਰ ਮਲਾਰ ਵਿਚ ਲਿਖ ਦਿਤੇ। ਓਹ ਵਾਰ ਗੁਰੂ ਅਰਜਨ ਦੇਵ ਜੀ ਦੀ ਮਿਹਰ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਚੜ੍ਹਾਈ ਗਈ ਤੇ ਅਸਾਂ ਤਕ ਅੱਪੜੀ। ਇਹ ਤਾਂ ਪਰਮਾਰਥਿਕ ਕੰਗਾਲਤਾ ਤੇ ਅਮੀਰੀ ਦੀ ਵਿਥਜਾ ਦੱਸੀ ਹੈ; ਹੁਣ ਲਓ ਸੰਸਾਰਕ ਕੰਗਾਲਤਾਈ ਤੇ ਅਮੀਰੀ; ਇਕ ਵੇਰ ਗੁਰੂ ਬਾਬਾ ਤੇ ਮਰਦਾਨਾ ਸਫਰ ਵਿਚ ਸਨ ਤਾਂ ਦੇਹੁੰ ਲਹਿਣੇ ਤੇ ਗਿਆ ਤੇ ਅੰਨ ਪਾਣੀ ਤੋਂ ਸੁਖਸਾਂਦ ਹੀ ਰਹੀ ਕਿ ਇੰਨੇ ਨੂੰ ਇਕ ਛੋਲਿਆਂ ਦਾ ਖੇਤ ਆ ਗਿਆ। ਇਕ ਨੌਜਵਾਨ ਗ਼ਰੀਬ ਹੋਲਾਂ ਭੁੰਨ ਰਿਹਾ ਸੀ। ਮਰਦਾਨੇ ਦੇ ਜੀ ਆਈ ਕਿ ਕੁਛ ਬੂਟੇ ਭੁੰਨੇ ਹੋਏ ਮੰਗ ਲਵੀਏ, ਤਾਂ ਗੁਰੂ ਬਾਬਾ ਮੁਸਕ੍ਰਾਇਆ। ਇੰਨੇ ਨੂੰ ਹੋਲਾਂ ਭੁੰਨਣ ਵਾਲਾ ਪਾਲੀ ਆਪੇ ਹੀ ਹੋਲਾਂ ਲੈ ਕੇ ਆ ਗਿਆ ਤੇ ਮੱਥਾ ਟੇਕ ਕੇ ਆਖਣ ਲੱਗਾ: ਆਓ ਬੈਠੋ ਸਾਂਈਂ ਲੋਕੋ! ਆਓ ਜੀਉ ਆਇਆਂ ਨੂੰ, ਆਓ! ਇਹ ਹੋਲਾਂ ਖਾ ਲਓ, ਗਰਮਾ ਗਰਮ ਹਨ। ਇਹ ਸੁਣਕੇ ਉਸ ਦੇ ਖੇਤ ਵਿਚ ਸੁਥਰੇ ਥਾਂ ਬੈਠ ਗਏ ਤੇ ਹੋਲਾਂ ਲੈ ਲਈਆਂ। ਜਦ ਮਰਦਾਨੇ ਨੇ ਮੂੰਹ ਪਾਈਆਂ ਤਾਂ ਗੱਭਰੂ ਦੇ ਜੀ ਆਈ ਜੋ ਜਾ ਕੇ ਘਰੋਂ ਰੋਟੀ ਲੈ ਆਵਾਂ ਜੋ ਏਹਨਾਂ ਦੇ ਮੂੰਹ ਪਵੇ ਨਾਲੇ ਦੇਹੁੰ ਲੱਥਦਾ ਪਿਆ ਏ, ਮੀਂਹ ਕਣੀ ਕਰਕੇ ਪਾਲਾ ਫੇਰ ਫੇਰ ਮੁੜਦਾ ਏ, ਕੋਈ ਬਸਤ੍ਰ ਲਿਆਵਾਂ ਜਾਂ ਘਰ ਲੈ ਚਲਾਂ ਜੋ ਇਨ੍ਹਾਂ ਨੂੰ ਰਾਤ ਔਖ ਨਾ ਹੋਵੇ। ਜਾਂ ਇਹ ਸੋਚਕੇ ਉਹ ਟੁਰ ਪਿਆ ਤਾਂ ਗੁਰੂ ਬਾਬੇ ਆਖਿਆ: ਬਹਿ ਜਾ ਬੱਚਾ! ਤੂੰ ਜੋ ਬੜੇ ਪਿਆਰ ਨਾਲ ਸਾਨੂੰ ਹੋਲਾਂ ਖੁਆਈਆਂ ਹਨ ਇਹ ਰੋਟੀ ਚਾਵਲ ਨਹੀਂ ਇਹ ਤਾਂ ਨਾਨਾ ਪ੍ਰਕਾਰ ਦੇ ਪਕਵਾਨਾਂ ਤੁੱਲ ਹੈ। ਬੱਚਾ! ਭਾਉ ਪਰਵਾਨ ਹੈ, ਬਾਕੀ ਸਭ ਉਦਰ ਪੂਰਨ ਹੈ ਕਿਸੇ ਭੋਜਨ ਨਾਲ ਹੋ ਗਈ। ਇਸ ਤੇਰੀ ਸੁਥਰੀ ਭੋਂ ਉਤੇ ਤੇਰੇ ਆਦਰ ਕੀਤੇ ਨਾਲ ਆ ਬੈਠੇ ਹਾਂ; ਇਹ ਤੇਰਾ ਸੱਥਰ ਹੀ ਸਾਡੇ ਲਈ ਤੁਲਾਈ ਹੈ, ਹਾਂ ਬਈ ਇਹ ਲੇਫ ਹੈ, ਆ ਹੁਣ, ਸਾਡੇ ਪਾਸ ਬਹਿਜਾ, ਘਰ ਨਾ ਜਾਹ। ਆ ਤੈਨੂੰ ਵਾਹਿਗੁਰੂ ਦੀ ਸਿਫਤ ਤੇ ਧਨ ਨਾਲ ਬੀ ਰਜਾ ਦੇਈਏ, ਆ ਬਹਿ ਜਾ ਹੇ ਸੁਲਤਾਨ! ਸਾਡੇ ਪਾਸ ਤੇ ਸੁਣ।

ਇਸ ਤਰ੍ਹਾਂ ਇਸ ਪਾਲੀ ਬੱਚੇ ਪਰ ਦਾਤ ਹੋਈ ਤੇ ਇਹ ਕੰਗਾਲ ਸਚਮੁਚ ਪਾਤਸ਼ਾਹੀ ਨੂੰ ਪਹੁੰਚਾ, ਇਸ ਦੀ ਪਾਤਸ਼ਾਹੀ ਦਾ ਪਤਾ **ਤਵਾਰੀਖ ਖਾਲਸਾ** ਵਿਚ ਸੰਤ ਗਿਆਨ ਸਿੰਘ ਗਿਆਨੀ ਜੀ ਨੇ ਦਿੱਤਾ ਹੈ ਕਿ ਓਹ ਮਨਕੇਰੇ ਦਾ ਖਾਨ ਹੋਇਆ; ਪੱਛੋਂ ਵਾਲੇ ਪਾਸੇ। ਸਾਧ ਸੰਗਤ ਜੀ ! ਖਾਨ ਇਕ ਤਰ੍ਹਾਂ ਦੇ ਰਾਜੇ ਹੀ ਹੁੰਦੇ ਹਨ। ਇਸਦੀ ਕਥਾ **ਜਨਮ ਸਾਖੀ** ਤੇ **ਤਵਾਰੀਖ ਖਾਲਸਾ** ਵਿਚ ਦਿਤੀ ਹੈ ਕਿ ਇਕ ਖਾਨ ਬੇਅਉਲਾਦ ਮਰ ਗਿਆ, ਵਾਰਸ ਕੋਈ ਸੀ ਨਹੀਂ, ਅਹਿਲਕਾਰ ਨੇਕ ਸਨ। ਆਪੋ ਵਿਚ ਖਾਨ ਦਾ ਰਾਜ ਲੈਣ ਦੇ ਲਾਲਚ ਵਿਚ ਨਾ ਆਏ ਤੇ ਸਲਾਹ ਕੀਤੀ ਓਨੇ ਕਿ ਸਵੇਰੇ ਜੋ ਨਗਰ ਵਿਚ ਪਹਿਲੋਂ ਆਦਮੀ ਵੜੇ, ਚਾਹੇ ਕੋਈ ਹੋਵੇ, ਓਹ ਖ਼ੁਦਾ ਦਾ ਘੱਲਿਆ ਸਮਝ ਕੇ ਖਾਨ ਥਾਪ ਲਿਆ ਜਾਵੇ। ਅਗਲੇ ਦਿਨ ਮੂੰਹ ਹਨੇਰੇ ਇਹੋ ਪਾਲੀ ਬਾਲਕਾ ਸਭ ਤੋਂ ਪਹਿਲੇ ਅਪਣੇ ਖੇਤਾਂ ਤੋਂ ਘਰ ਨੂੰ ਆਇਆ ਤਾਂ ਅਹਿਲਕਾਰਾਂ ਨੇ ਖਾਨ ਥਾਪ ਲਿਆ। ਸੋ ਹੋਲਾਂ ਭੁੰਨਦਾ ਗ਼ਰੀਬ ਸੁਲਤਾਨ ਹੋ ਗਿਆ। ਇਹੋ ਜੇਹੇ ਗੁਰੂ ਘਰ ਵਿਚ ਕਈ ਪ੍ਰਸੰਗ ਹੋਏ ਹਨ। ਤੀਜੇ ਪਾਤਸ਼ਾਹ ਨੇ ਦੀਵਾਲੀਏ ਨੂੰ ਦਿੱਲੀ ਘੱਲਕੇ ਗੰਗੋ ਸ਼ਾਹ ਬਨਾ ਦਿਤਾ। ਇਹ ਜੋ ਪਟਿਆਲੇ, ਨਾਭੇ, ਜੀਂਦ ਦੇ ਰਾਜੇ ਹਨ ਇਨ੍ਹਾਂ ਦੇ ਵਡੇ, ਜੋ ਬਾਲਕ ਸਨ, ਛੇਵੇਂ, ਸਤਵੇਂ ਗੁਰੂ ਜੀ ਦੀ ਚਰਣ ਸ਼ਰਣ ਆਏ। ਸਤਵੇਂ ਪਾਤਸ਼ਾਹ ਨੇ ਵਰ ਦਿੱਤਾ ਤੂੰ ਰਾਜਾ ਹੋ ਜਾਵੇਂਗਾ। ਸੋ ਹੋ ਗਏ ਤੇ ਗੁਰੂ ਘਰ ਨਾਲ ਇਨ੍ਹਾਂ ਦੀ ਇਤਨੀ ਪ੍ਰੀਤਿ ਹੋਈ ਕਿ ਦਸਵੇਂ ਪਾਤਸ਼ਾਹ ਨੇ ਵਰ ਦਿਤਾ- 'ਤੇਰਾ ਘਰ ਮੇਰਾ ਘਰ ਅਸੇ॥' ਇਨ੍ਹਾਂ ਰਾਜਿਆਂ ਵਿਚ ਬਾਬਾ ਆਲਾ ਸਿੰਘ, ਮਹਾਰਾਜਾ ਕਰਮ ਸਿੰਘ ਆਦਿਕ ਪੂਰੇ ਸਾਧੂ ਹੋਏ ਹਨ, ਜਿਨ੍ਹਾਂ ਦੇ ਰਾਜ ਸੁਖ ਤੇ ਕਾਰਨਾਮਿਆਂ ਨੂੰ ਲੋਕੀਂ ਹੁਣ ਤਕ ਯਾਦ ਕਰਦੇ ਹਨ। ਨਾਲੇ ਰਾਜੇ ਸਨ ਨਾਲੇ ਸਾਧੂ। ਪਟਿਆਲੇ ਰਿਆਸਤ ਤੋਂ ਸਿਖ ਪੰਥ ਨੂੰ ਹਰ ਵੇਲੇ ਸਹਾਯਤਾ ਮਿਲਦੀ ਰਹੀ ਹੈ। ਇਸੀ ਤਰ੍ਹਾਂ ਭਾਈ ਭਗਤੂ ਗੁਰੂ ਕੇ ਸਿਖ ਸਨ ਤੇ ਮਾਇਆ ਵਲੋਂ ਸਾਧਾਰਣ ਸਨ। ਆਪਦੇ ਵੰਸ਼ਜ ਭਾਈ ਉਦੇ ਸਿੰਘ ਜੀ ਕੈਂਥਲ ਦੇ ਰਾਜੇ ਹੋ ਗਏ। ਨਾ ਕੇਵਲ ਰਾਜ ਕਮਾਇਆ ਸਾਧੂਗੀਰੀ ਵੀ ਨਾਲ ਕਮਾਈ। ਆਪ ਦੇ ਸਾਧੂ ਗੁਣਾਂ ਦਾ ਸਦਕਾ ਸਿਖ ਇਤਿਹਾਸ ਦਾ ਵਡਾ ਗ੍ਰੰਥ **ਗੁਰ ਪ੍ਰਤਾਪ ਸੂਰਯ** ਲਿਖਿਆ ਗਿਆ ਤੇ ਸਾਡੇ ਤਕ ਅੱਪੜਿਆ ਹੈ ਤੇ ਹਜ਼ਾਰਾਂ ਜੀਵਾਂ ਨੂੰ ਗੁਰ ਯਸ਼ ਸੁਣਾ ਕੇ ਭਗਤੀ ਦੇ ਰਸਤੇ ਪਾਉਣ ਦਾ ਕਾਰਣ ਬਣਿਆ ਹੈ। ਜੇ ਭਾਈ

ਉਦੈ ਸਿੰਘ ਜੀ ਗੁਰੂ ਇਤਿਹਾਸ ਦੀ ਸੇਵਾ ਦੇ ਸ਼ੌਕ ਵਿਚ ਨਾ ਹੁੰਦੇ ਤਾਂ **ਸੂਰਜ ਪ੍ਰਕਾਸ਼** ਲਿਖਿਆ ਜਾਣਾ ਸ਼ਾਇਦ ਨਾ ਹੀ ਹੋ ਸਕਦਾ। ਇਹ ਹਨ ਨਿਰਧਨਤਾ ਤੋਂ ਅਮੀਰੀ ਵਿਚ ਪਹੁੰਚਣ ਦੇ ਨਮੂਨੇ, ਤੋਂ ਉਨ੍ਹਾਂ ਦੀ ਅਮੀਰੀ ਦੇ 'ਸਮੇਂ ਦੇ ਲੋਕਾਂ' ਨੂੰ ਤੇ ਸਾਧਗੀਰੀ ਦਾ ਫਲ 'ਸਾਡੇ ਤਕ' ਅੱਪੜਿਆ ਹੈ।

ਸਤਿਸੰਗ ਦੀ ਮਹਿਮਾਂ ਦੇ ਕਈ ਪਹਿਲੂ ਦਿਖਲਾਕੇ ਹੁਣ ਗੁਰੂ ਮਹਾਰਾਜ ਜੀ ਫੁਰਮਾਉਂਦੇ ਹਨ 'ਕਵਨ ਵਡਾਈ ਕਹਿ ਸਕਉ ਬੇਅੰਤ ਗੁਨੀਤਾ', ਅਰਥਾਤ ਗੁਣ ਬੇਅੰਤ ਹਨ ਇਸ ਲਈ ਸਤਿਸੰਗ ਦੀ ਸਾਰੀ ਵਡਿਆਈ ਵਰਣਨ ਨਹੀਂ ਹੋ ਸਕਦੀ, ਜੋ ਉਪਰ ਕਹੀ ਹੈ ਓਹ ਜੀਵਾਂ ਦੀ ਕਲਿਆਨ ਹਿਤ ਆਖੀ ਹੈ। ਆਪ ਨੇ ਸੁਖਮਨੀ ਸਾਹਿਬ ਵਿਚ ਫੁਰਮਾਯਾ ਹੈ: 'ਕੋਟਿ ਅਪ੍ਰਾਧ ਸਾਧ ਸੰਗਿ ਮਿਟੈ॥' ਸਾਧ ਸੰਗਤ ਜੀ! ਆਪ ਵੀਚਾਰ ਕਰਕੇ ਇਨਸਾਨ ਦੇ ਸੁਭਾਵ ਤੋਂ ਦੁਨੀਆਂ ਦੇ ਵਰਤਾਰੇ ਵਲ ਤੱਕੋ ਕਿ ਸੰਗਤ ਦਾ ਗੁਣ, ਜੈਸੀ ਸੰਗਤ ਹੋਵੇ ਜੀਵ ਸੁਭਾਵਕ ਹੀ ਗ੍ਰਹਣ ਕਰਦਾ ਹੈ। ਮਾੜੇ ਕਰਮੀਂ ਜੋ ਲਗੇ ਮਾੜੀਆਂ ਸੰਗਤਾਂ ਵਿਚ ਬੈਠ ਬੈਠ ਕੇ ਲਗੇ, ਚੰਗੇ ਜੋ ਹੋਏ ਸੋ ਭਲੀਆਂ ਸੁਹਬਤਾਂ ਵਿਚ ਬਹਿਕੇ। ਇਸੇ ਤਰ੍ਹਾਂ ਸਤਿਸੰਗ ਵਿਚ ਪ੍ਰਾਪਤ ਹੋ ਕੇ ਜੀਵ ਪਹਿਲੋਂ ਮਾੜਿਆਂ ਕਰਮਾਂ ਤੋਂ ਘ੍ਰਿਣਾ ਕਰਦਾ ਹੈ ਫੇਰ ਸ਼ੁਭ ਕਰਮ ਕਰਦਾ ਹੈ, ਫੇਰ ਨਾਮ ਦੀ ਕਦਰ ਸਿੱਖਦਾ ਹੈ ਐਉਂ ਭਵਜਲ ਤੋਂ ਤਰ ਜਾਂਦਾ ਹੈ। ਪੰਚਮ ਪਾਤਸ਼ਾਹ ਦਾ ਵਾਕ ਹੈ। "ਸਾਧ ਸੰਗਿ ਭਜੁ ਪਰਮਾਨੰਦ"॥ ਕਿਉਂ? ਗੁਰ ਪੰਚਮ ਜੀ ਫੁਰਮਾਉਂਦੇ ਹਨ: "ਸੁਭਰ ਭਰੇ ਪ੍ਰੇਮ ਰਸ ਰੰਗਿ॥ ਉਪਜੈ ਚਾਉ ਸਾਧ ਕੈ ਸੰਗਿ॥"

ਹੁਣ ਆਓ ਜੀ! ਗੁਰੂ ਤੋਂ, ਜਿਸ ਦੀ ਭੇਟਿ ਪੁਨੀਤਾ ਕਰਨ ਵਾਲੀ ਹੈ ਦਾਨ ਮੰਗੀਏ! ਮੰਗੀਏ ਏਸੇ ਵਾਕ ਵਾਲੇ ਸ਼ਬਦ ਦੀ ਛੇਕੜਲੀ ਤੁਕ ਦੁਆਰਾ:- "ਕਰਿ ਕਿਰਪਾ ਮੋਹਿ ਨਾਮੁ ਦੇਹੁ ਨਾਨਕ ਦਰ ਸਰੀਤਾ॥" ਹੇ ਵਾਹਿਗੁਰੂ, ਹੇ ਸੱਚੇ ਪਾਤਸ਼ਾਹ, ਹੇ ਗੁਰੂ ਨਾਨਕ ਦੇਵ, ਕ੍ਰਿਪਾ ਕਰਕੇ ਮੈਨੂੰ 'ਨਾਮ ਦੇਹੁ', ਹਾਂ ਨਾਮ ਦਾਨ ਦੇਹੁ ਦਾਤਾ ! ਮੈਂ, ਹੇ ਵਾਹਿਗੁਰੂ, ਤੇਰੇ ਦਰ ਦਾ ਗੁਲਾਮ ਹਾਂ, ਦਾਸ ਹਾਂ, ਮੇਰਾ ਦਾਹਵਾ ਕੇਵਲ ਇਤਨਾ ਮਾਤ੍ਰ ਹੈ ਕਿ ਮੈਂ ਤੇਰੇ ਦਰ ਦਾ ਗ਼ੁਲਾਮ ਹਾਂ। ਤੇਰੇ ਦਰ ਆਸਾਂ ਲਾਈ ਬੈਠਾ ਹਾਂ ਚਿਰੋਕੀਆਂ, ਸੱਚੇ ਪਾਤਸ਼ਾਹ! ਹੇ ਪੁਨੀਤ ਸਤਿਗੁਰੂ ! ਮੈਨੂੰ ਆਪਣੇ ਦਰੋਂ ਘਰੋਂ ਦਾਨ ਦੇਹ ਕਿ ਮੇਰੀ ਨਾਮ ਵਿਚ ਲਿਵ ਲਗ ਜਾਵੇ। ਬਖਸ਼ ਹੇ ਦਾਤਾ। ਹਾਂ ਅਰਦਾਸ ਕਰੋ ਖਾਲਸਾ ਜੀ ! ਮਨ ਜੋੜਕੇ 'ਕਰਿ ਕਿਰਪਾ ਮੋਹਿ ਨਾਮੁ ਦੇਹੁ....।'

ਸਾਧ ਸੰਗਤ ਖਾਲਸਾ ਜੀ ! ਅਜ ਕਥਾ ਜੋ ਗੁਰੂ ਜੀ ਨੇ ਬਖਸ਼ੀ ਦਾਸ ਨੇ ਕੀਤੀ ਤੇ ਆਪ ਨੇ ਸੁਣੀ ਹੈ ਸਾਡੇ ਰਸਨਾ ਸ੍ਰਵਣ ਦੋਇ ਪਵਿੱਤ੍ਰ ਹੋਏ ਹਨ, ਗੁਰੂ ਜਸ ਦੀ ਪਾਵਨ ਛੋਹ ਨਾਲ। ਕਥਾ ਗੁਰਬਾਣੀ ਦੀ ਸੀ ਪਰ ਗੁਰਪੁਰਬ ਹੋਣ ਕਰਕੇ ਸੱਚੇ ਪਾਤਸ਼ਾਹ ਨੇ ਕਥਾ ਐਸੀ ਬਖਸ਼ੀ ਜੋ ਗੁਰਪੁਰਬ ਦੀ ਕਥਾ ਬੀ ਹੋ ਗਈ। ਹੁਣ ਪਿਆਰਿਓ ! ਅਮਲ ਕਰੋ, ਕਮਾਈ ਕਰੋ ਨਾਮ ਦੀ ਜੋ ਨਾਮੀ ਪ੍ਰਾਪਤ ਹੋਵੇ।

**ਸੁਨਤ ਕਮਾਵਤ ਹੋਤ ਉਧਾਰ॥** (ਅੰਗ ੨੯੫)

ਸੁਣਕੇ ਕਮਾਈ ਕੀਤਿਆਂ ਜੀਵ ਦਾ ਉਧਾਰ ਹੁੰਦਾ ਹੈ, ਗੁਰੂ ਸੱਚਾ ਪਾਤਸ਼ਾਹ ਇਹ ਦਾਸ ਨੂੰ ਤੇ ਆਪ ਸਾਰਿਆਂ ਨੂੰ ਕਿਰਪਾ ਕਰਕੇ ਨਾਮ ਦਾ ਪਜਾਰ ਬਖਸ਼ੇ।

**ਪ੍ਰਭ ਕੀ ਉਸਤਤਿ ਕਰਹੁ ਸੰਤ ਮੀਤ॥**
**ਸਾਵਧਾਨ ਏਕਾਗਰ ਚੀਤ॥** (ਸੁਖਮਨੀ) (ਚਲਦਾ)

❖ ❖ ❖ ❖

## ਨਾਮ, ਧਜਾਨ, ਰਜ਼ਾ

ਨਾਮ ਸਜਣ ਦਾ ਜੀਭ ਚੜ੍ਹ ਗਿਆ,
ਜਾਂ ਸੱਜਣ ਉਠ ਤੁਰਿਆ,
ਮੱਲ ਲਏ ਦੋ ਨੈਣ ਧਜਾਨ ਨੇ,
ਸਬਕ ਰਜ਼ਾ ਦਾ ਫੁਰਿਆ,
ਬਿਰਹੋਂ ਦੇ ਹਥ ਸੌਂਪ ਅਸਾਨੂੰ
ਜੇ ਸੱਜਣ! ਤੂੰ ਰਾਜ਼ੀ,
ਯਾਦ ਤੁਸਾਡੀ ਛੁਟੇ ਨ ਸਾਥੋਂ,
ਪਜਾਰ ਰਹੇ ਲੂੰ ਪੁੜਿਆ।

## ਸਿਵਾਣ

ਮਿਸਰੀ ਕਿਸੇ ਬਨਾਂਦਿਆਂ, ਹੇਠਾਂ
ਜਦੋਂ ਕੜਾਹੀ ਲਾਹੀ,
ਕੋਲੇ ਕੋਲੇ ਖੰਡ ਹੋ ਗਈ
ਵੇਖ, ਵੇਖ ਪਛੁਤਾਹੀ,
ਹੇ ਭੋਲੇ! ਜਿਸ ਸੇਕ ਨਾਲ ਸੀ
ਸ਼ਰਬਤ ਮਿਸ਼ਰੀ ਬਣਨਾ,
ਤਾਰ ਸਿਵਾਤੀ ਨਹੀਂ ਓਸਦੀ;
ਸਜਾਣ ਬਿਨਾਂ ਸੁਖ ਨਾਹੀਂ।

## ਦਰਦ ਦੇਖ ਦੁਖ ਆਂਦਾ

ਦੁਨੀਆਂ ਦਾ ਦੁਖ ਦੇਖ ਦੇਖ ਦਿਲ
ਦਬਦਾ ਦਬਦਾ ਜਾਂਦਾ,
ਅੰਦਰਲਾ ਪੰਘਰ ਵਗ ਟੁਰਦਾ
ਨੈਣੋਂ ਨੀਰ ਵਸਾਂਦਾ;
ਫਿਰ ਬੀ ਦਰਦ ਨ ਘਟੇ ਜਗਤ ਦਾ
ਚਾਹੇ ਆਪਾ ਵਾਰੋ,
ਪਰ ਪੱਥਰ ਨਹੀਂ ਬਣਿਆਂ ਜਾਂਦਾ
ਦਰਦ ਦੇਖ ਦੁਖ ਆਂਦਾ।

## ਬਖਸ਼ਿਸ਼ ਤੇ ਕਰਮ

'ਤੂੰ ਪਾਪੀ' ਤੂੰ ਪਾਪੀ, ਕਹਿ ਕਹਿ,
ਪੰਡਤ ਜਿੰਦ ਸੁਕਾਈ,
ਬਖਸ਼ਣ ਵਾਲਾ ਮਿੱਤੋਂ ਬਾਹਰ,
ਅਸੀਂ ਮਿੱਤ ਵਿਚ, ਭਾਈ!
ਮਿੱਤ ਵਾਲੇ ਦੇ ਕਰਮ ਅਮਿੱਤੇ
ਕਦੇ ਨਹੀਂ ਹੋ ਸਕਦੇ,
ਬਖਸ਼ ਅਮਿੱਤੇ ਦੀ ਜਿਤ ਪਾਊ
ਮਿੱਤ ਦੇ ਕਰਮ ਉਡਾਈ।

**-ਲਹਿਰਾਂ ਦੇ ਹਾਰ**

# Mystic Poet: Prof. Puran Singh

❖ Jasnoor Kaur

Puran Singh (1881-1931) is one of the significant authors, having a miraculous vision to perceive the world around. The world to him is not merely the objective realty but possesses harmony of both aspects; object and subject, in which his whole self participates in cosmic rhythm. The words of Guru create within him the ocean of ecstasy. Being blessed with passion for the Guru, the vision of Puran Singh was not ordinary. The things perceived by him are not mere objects; his consideration of the world is not temporal or static but dynamically flowing through multiple shades of human experience. His observations do not indulge in the process of distinction between object and subject. He observes and perceives things in harmony. He asserts that 'intellectual analysis is never right, perception by soul is never wrong.' In his work, we can feel the throb, harmony and reflection of cosmic music. With his mystic and creative experiences, he adorns and beautifies his work with metaphors and similes.

The early life of Puran Singh had several influences; among them were Walt Whitman, Swami Ram Tirath and Bhai Vir Singh, who left deep impact on his personality. The discipleship of Swami Ram Tirath had made him a monk. After the meeting with Bhai Vir Singh, he regained his faith in Sikhism. Puran Singh combines philosophy and poetry in whatever genre or language he chooses to write. He has capacity to introduce a novel style and genre, in which he talks about spirit versus form, feelings versus intellect, and soul consciousness versus ego and spiritual ecstasy versus 'philosophical sorrow'. In his writings, he touches such heights and depths of experience that leave the heart and mind bathed in sublime experience of literature, philosophy and religion.

Through these writings collected in this volume, he characterizes the Sikh spirit and assures that Khalsa would never forward its own selfish interest, because with the blessings of Guru, 'I' of the Khalsa gets transformed into 'Cosmic-I'. He says nobody should be afraid of Khalsa of Guru Gobind Singh because 'He never sucks the bones of the material things'. He rejects reason based stagnant thought structures like positivism and different traditions in 'romantic intellectualism'. He prefers the position of art, religion and spirituality to those of intellect, reason and logic. Puran Singh's



Prof. Puran Singh in the company of
Bhai Vir Singh and S. Tarlochan Singh

understanding about human life establishes him a romantic and a mystic scholar of his times.

II

Puran Singh plays a significant role in framing the Sikh historiography. After the Guru period, we can trace some phases of Sikh historiography influenced by the feudal, colonial and reformist viewpoints. Under the impact of all these tendencies, Guru and Sikhi are understood as just historical phenomena. This the image of Guru is brought under linear development of time; the popular way to understand reality. History provides concrete examples, and is compelled to deal with particular data or events which occurred in the past. It just provides the details of past happenings but not their spirit. Due to the feudalization of the Sikh movement after Baba Banda Singh Bahadur, socio-cultural development of Sikh tradition started to reflect tribal complex of Rajput and Turkish racial tendencies. Consequently, these influences led to predominance of material and power inclinations over the Sikh spirit which further resulted in the deterioration of the Sikh praxis and way of living.

Along with these models we also find that the progressive movement made efforts to establish the personality of Guru Gobind Singh Ji as a national hero within the historical context. For the exponents of these movements Gurbani was a form of poetry flowing out of creative imagination and also inclined towards the Sufi aesthetics. In such type of hermeneutical position, spiritual concerns are analyzed from the ethical standpoint. Here Puran Singh tried to free the 'prophetic image' of Guru from the nationalistic model of secular approach and tribal-racial psychology and stresses to see the Guru through the 'meta-historic method'.

Colonialism was not only ruling the land but also the mind of people of the particular geography. Colonial model had brought new structures of historiography, interpretation and literature. Interpretation by indologists created the hegemony of colonial model over the Sikh spirit. It was successful for removing feudal domination, but in itself has many problems. Puran Singh in his works realizing the problems of colonialism and feudalism tries to set free the Sikh spirit from patterns established by these models. Another problem had arisen in Sikh historiography with the advent of the reformist movement among sikhs in late 19th and 20th century. It was Singh Sabha movement which tried to introduce new research methods and educational system among the Sikhs. The overall idiom the Singh Sabha authors adopted was inspired by Sikhism but the method was of colonial strategy. "The Singh Sabha Movement, though working with in the colonial discourse, did attempt to establish the centrality and supremacy of *Ek Onkar*. Puran Singh, who was keenly aware of these perils, interpreted Sikhi from a universal perspective that stretched beyond any phenomena for localization which might be open to geographical and racial biases. Apart from this, he also interpreted Sikh Simran and worked in the direction of translating it into the broader social, cultural and political realms. With his spirit filled with the fire of love, and with the grace of the divine touch, he crossed socio-cultural-religious taboos and transcended psychological bondages to delve into the valleys of spirituality".

In *The Book of the Ten Masters, Seven Baskets of Prose Poems, Spirit Born People, Anecdotes from Sikh History, Spirit of the Sikh* and *Prakasina,* he presents creatively his own vision on Sikh historiography. To Puran Singh the popular way of history writing in modern academy cannot do justice to the prophetic image of Sikh Gurus. Factual compilation is a never ending and ongoing process. It is rational investigation pretending to be knowledge of truth and based on empirical evidence in which the divine, spiritual, sensitive and miraculous experiences of life are reduced to empirical facts. Puran Singh understands history as:

"....a poor general record of the outer show and theatrical activity and does not keep any record of the silent life on the deeper levels of human society, which alone in all times, has caused the greatest changes and revolutions on the surface of this earth. Hence like other objects of the world, the visible body of history is only a small speck on the great invisible past"

Further Puran Singh says that history repeats itself. But it does not repeat in the same form of events. Only its spirit seems to take different forms. So every religion is born to die, unless its spirit is living enough, powerful enough, moving enough, to put fresh energy into its system from time to time.3

In his further explanation of Sikh historiography, Puran Singh says that Sikh history is basically the exposition of Gurbani; a living experience. He represents Guru as eternal Spirit of universe, whereas history had delimited the Guru by capturing the Guru in the cage of time. It implies that the Guru as a person also exists within particular points of time. So due to the problem of being excessive attaches to the fact and evidence, the past history has projected the Guru in historical time. In Puran Singh's depiction the Guru's eternal nature shifts from secular linearity to the 'bestowed linearity'. For him, the death and birth cannot confine Guru's cosmic presence but he the (Guru), according to Sikh experience, existing before birth and would remain forever. History, being limited to concrete examples of the past, cannot encompass the cosmic presence of the Guru. In this way, Puran Singh is trying to redefine the conception of 'bestowed linearity' inspired by Sikh experience and has paved the way to de-feudalize Sikh history.

His remarks on history resemble the traditional understanding of Sikhism. For example traditional writings like *Ganjnama* and *Tausif-O-Sna* can be consulted. Bhai Nand Lal Goya in his *Ganjnama*, explains that earth, sky, creative forces and crores of cosmic mother principles are in the service of Guru Gobind Singh. Infinite structures of power are in the obedience of Guru. All the spheres, directions, live in oceans and continents and the world of mythological beings attains its completeness by the blessing of the tenth light of Guru Nanak's Noor. The eternal light is seated on earth with their egos. He describes Guru as the treasure of authenticity, Unfolder of the world of mysteries, Sage-Emperor, Bestower of blessings, King of grace and mercy in the eyes of Almighty. Similarly Puran Singh says that the viewers were love-stricken and influenced by the glimpse of Guru Gobind Singh.

The disciples kissing the dust of Guru's feet were accepted in the Divine court. He is the shelter and support for the poor. Nature too quenches its thirst by worshipping the Guru. Guru rules both the inner and outer world. Showing the commitment of Sikh spirit of Guru, elsewhere he states that :

"Our history is of the soul, all its events are to the soul. All truth for us is personal. We have not to prove it, we have to stand witness to it in our soul. By the title Sikh, he linked us with Himself forever. And we cannot tell ourselves away from him. It would be misery for us if we turned out backs on him."

In this process, Puran Singh tries to characterize the spirit of Guru instead of posing him a national hero or as Gandhi calls him as 'misguided patriot' or as progressive movement defines Guru. In fact he does not believe in fake nationalism directed towards to ordain the hegemony of any one race, tribe, religion etc. He is like Rabinder Nath Tagore, also dissatisfied with the type of emerging contemporary nationalism in India and thinks that Indian anthropology can maintain its spiritual, social and political balance only through the character of Guru Gobind Singh ji.

He tries to explore the real image of the Guru in Sabad's spiritual position which in its nature is 'meta-historical'. In the modern academy, the Guru is still repeatedly being considered as a historical person fixed in the contemporary temporal situations. But tradition of Sabad acknowledges that so many layers of time keep existing independently as well as simultaneously, thus a true sikh, during his contemplative moments, takes history to the meta-historic level. "It is the experience of *Adi Sach* in the form of *Sakhi* that has capacity to entwine within itself the multiplicities of time and space." Here it will also be useful for our readers to have a look of major features of Meta-history that are mentioned below:

i. It turns historical linearity of time to 'bestow linearity' in which physical time transcends its own boundaries by taking shelter into the eternal time *(Akaal* or *Adi Sach)*.

ii. Meta-History transforms itself into the experience of *Sakhi*, having so many shades on different levels of consciousness, with a different understanding of space and time. Here symbol and myth also enjoy their space for experimentations.

iii. It also creates the conception of authentic duality, in which distinctive identities can be located together in 'transparent relationship'. If the duality is not authentic, then there is the danger of either going to monism or monotheism. In monism there is either the predominance of one, while rejecting the presence of other or total assimilation of self in the other, thus leaving no space for dualistic or pluralistic existences. In monotheism, the belief in one controlling God results in the formation of ritualism and ethics. Here mutual transparency cannot be established; rather distance between subject and object is considered natural and necessary. Subject always bears a victorious status over the "other', dictating through ethics. The dualities we find in both the systems are not authentic but hegemonic in nature, where supremacy of subject and fear of the other consistently prevails. The meta-historic treatment frees human consciousness from the fear of duality to authentic duality.

Therefore, the historiography arising from humanism, linear history, poetic expression, dominance of social aspects and psychological insights cannot describe and grasp the a priori status of Guru.

Courtesy: from the preface of
*Guru Gobind Singh, The Tenth Master*



## O Flower Gatherer

"O Flower Gatherer!" says the rose,

"Tear me not away from my parent stem!

Linked with it, the life sap of the infinite life flows through me.

I blossom and glow and perfume the very univese.

All that come hither may drink of joy from the fragrant scent of my soul.

"O flower gatherer! why dost thou take me away, to have me all for thyself, thine only, denied to all others!

Ah! it will be so, it will be so, thou wilt have me all for thyself.

But thou wilt retain me for less than a twinkling of an eye.

And I, my pefume, my beauty, my soul, and all I am will die."

(ਗੁਲਾਬ ਦਾ ਫੁਲ ਤੋੜਨ ਵਾਲੇ ਨੂੰ)

- Bhai Vir Singh, Translated by Prof. Puran Singh

17 ਫਰਵਰੀ, 1921

## ਚੀਫ ਖਾਲਸਾ ਦੀਵਾਨ
ਸ੍ਰੀ ਅੰਮ੍ਰਿਤਸਰ

ਪਰਮ ਕ੍ਰਿਪਾਲੂ ਜੀ! ਆਦਮ ਗਿਣਤੀ ਦੀ ਨਿਯਤ ਤਾਰੀਖ ਨੇੜੇ ਆ ਰਹੀ ਹੈ ਤੇ ਕਈ ਇਕ ਥਾਵਾਂ ਤੋਂ ਇਸ ਆਦਮ ਗਿਣਤੀ ਦੇ ਨਕਸ਼ੇ ਦੀ ਖਾਨਾਪੂਰੀ ਸੰਬੰਧੀ ਵੱਖੋ ਵੱਖ ਪੁੱਛਾਂ ਦੀਵਾਨ ਪਾਸੋਂ ਹੋ ਰਹੀਆਂ ਹਨ, ਦੀਵਾਨ ਨੇ ਇਸਤੇ ਵਿਚਾਰ ਕੀਤੀ ਹੈ ਤੇ ਦੀਵਾਨ ਦੇ ਖ਼ਿਆਲ ਵਿੱਚ ਇਸਦੀ ਖਾਨਾ ਪੂਰੀ ਹਰ ਇਕ ਸਿੱਖ ਨੂੰ ਇਸਤਰਾਂ ਕਰਨੀ ਚਾਹੀਦੀ ਹੈ।

ਖਾਨਾ ਨੰ: ੪ (ਮਜ਼ਹਬ) ਖਾਨਾ ਨੰ: ੫ (ਫਿਰਕਾ ਮਜ਼ਹਬ) ਤੇ ਖਾਨਾ ਨੰ: ੮ (ਜਾਤ, ਕੌਮ ਜਾਂ ਨਸਲ) ਵਿੱਚ ਹਰ ਇਕ ਜਗ੍ਹਾ ਕੇਵਲ ਸਿੱਖ ਹੀ ਦਰਜ ਕਰਾਣਾ ਠੀਕ ਹੈ, ਕਿਉਕਿ:

ਮਜ਼ਹਬ- ਖ਼ਾਲਸਾ ਜੀ ਦਾ ਧਰਮ ਹੈ ਹੀ ਸਿੱਖ, ਜੋ ਸੱਜਨ ਸਤਿਗੁਰਾਂ ਦੇ ਪਵਿਤ੍ਰ ਧਰਮ ਦੇ ਮੰਨਣ ਵਾਲੇ ਹਨ ਉਨ੍ਹਾਂ ਦਾ ਧਰਮ (ਮਜ਼ਹਬ) 'ਸਿੱਖ' ਹੈ।

ਮਜ਼ਹਬ ਯਾ ਫਿਰਕਾ- ਸਿੱਖਾਂ ਵਿੱਚ ਧਾਰਮਕ ਅਸੂਲਾਂ ਦੇ ਅਨੁਸਾਰ ਫਿਰਕਾ ਬੰਦੀ ਕੋਈ ਨਹੀਂ। ਸਤਿਗੁਰਾਂ ਦਾ ਪੈਰੋ "ਸਿੱਖ" ਹੈ।

ਜਾਤ, ਕੌਮ ਯਾ ਨਸਲ- ਜਾਤ, ਇਹ ਗੁਰਸਿੱਖੀ ਦੇ ਅਸੂਲਾਂ ਅਨੁਸਾਰ ਕੇਵਲ ਭਰਮ ਹੀ ਭਰਮ ਹੈ ਅਸਲ ਵਿੱਚ ਕੁਝ ਨਹੀਂ।

ਕੌਮ- ਗੁਰਸਿਖੀ ਦੇ ਮੰਨਣ ਵਾਲੇ ਹਲਕੇ ਸਿੱਖ ਕੌਮਯੂਨਿਟੀ ਬਣਾਉਂਦੇ ਹਨ। ਸੋ ਸਿੱਖਾਂ ਦੀ ਕੌਮ ਸਿੱਖ ਹੈ।

ਨਸਲ- ਇਹ ਇਕ ਇਤਿਹਾਸਕ ਗੱਲ ਪੈਦਾ ਕਰਦੀ ਹੈ, ਜਿਸਦੀ ਖਬਰ ਆਮ ਤੌਰ ਤੇ ਨਾ ਤਾਂ ਪੁੱਛਣ ਵਾਲਿਆਂ ਨੂੰ ਹੋਣੀ ਹੈ, ਨਾ ਦੱਸਣ ਵਾਲਿਆਂ ਨੂੰ ਚੂੰਕੇ ਇਸ ਖਾਨੇ ਵਿੱਚ ਜਾਤ ਕੌਮ ਯਾ ਨਸਲ ਤਿੰਨਾਂ ਵਿੱਚੋਂ ਇਕ ਦਾ ਦਸਣਾ ਕਾਫ਼ੀ ਹੈ। ਇਸ ਲਈ ਸਿੱਖ ਦੀ ਕੌਮੀਅਤ ਦਾ 'ਸਿੱਖ' ਦਸਣਾ ਹੀ ਕਾਫ਼ੀ ਮਲੂਮ ਹੁੰਦਾ ਹੈ।

2. ਉੱਪਰ ਦੀ ਬਿਨੈ ਸੱਜਨ ਜਨਾਂ ਦੀ ਪੁੱਛ ਤੇ ਪੰਥਕ ਭਲਾਈ ਨੂੰ ਮੁੱਖ ਰੱਖਕੇ ਮਸ਼ਵਰੇ ਦੇ ਤੌਰ ਤੇ ਬਿਨੈ ਕੀਤੀ ਜਾਂਦੀ ਹੈ, ਹਰ ਸੱਜਨ ਦੀਵਾਨ ਦਾ ਖਿਆਲ ਸੋਚ ਕੇ ਆਪਣੀ ਰਾਇ ਆਪ ਕਾਇਮ ਕਰ ਸਕਦਾ ਹੈ।

3. ਕਾਨੂੰਨ ਅਨੁਸਾਰ ਇਹ ਜ਼ਰੂਰੀ ਹੈ ਜੋ ਮਰਦੁਮ ਸ਼ੁਮਾਰੀ ਹਿਤ ਜੋ ਗੱਲ ਪੁੱਛੀ ਜਾਵੇ ਉਹ ਠੀਕ ਠੀਕ ਦੱਸੀ ਜਾਵੇ।

4. ਨਾਲ ਹੀ ਇਹ ਬਿਨੈ ਕਰਨੀ ਭੀ ਲਾਭਦਾਇਕ ਹੈ, ਜੋ ਹਰ ਥਾਂ ਸਮਝ ਵਾਲੇ ਤੇ ਪੰਥ ਦੇ ਦਰਦੀ ਸੱਜਨਾਂ ਨੂੰ ਆਪ ਗਿਣਤੀ ਕਰਨ ਵਾਲਿਆਂ ਦੇ ਨਾਲ ਹੋਕੇ ਸਿੱਖਾਂ ਦੀ ਦਰੁਸਤ ਗਿਣਤੀ ਤੇ ਖਾਨਾ ਪੂਰੀ ਕਰਾਉਣ ਵਿੱਚ ਸਹਾਈ ਹੋਣਾ ਚਾਹੀਏ। ਖਾਲਸਾ ਜੀ ਨੂੰ ਆਪਣੇ ਅਨਪੜ੍ਹ ਤੇ ਅਨਜਾਣ ਭਰਾਵਾਂ ਨੂੰ ਹਰ ਤਰ੍ਹਾਂ ਮਦਦ ਦੇਣੀ ਇਕ ਜ਼ਰੂਰੀ ਗੱਲ ਹੈ। ਗਿਣਤੀ ਕਰਨ ਵਾਲੇ ਸੱਜਨ ਭੀ ਖਾਲਸਾ ਜੀ ਦੇ ਧਰਮ ਤੋਂ ਅਨਜਾਣ ਹੋ ਸਕਦੇ ਹਨ, ਇਸ ਲਈ ਸਿਆਣੇ ਸੱਜਨਾਂ ਦਾ ਨਾਲ ਹੋਣਾ ਹਰ ਤਰ੍ਹਾਂ ਦਰੁਸਤ ਗਿਣਤੀ ਹੋਣ ਵਿੱਚ ਸਹਾਈ ਹੋ ਸਕਦਾ ਹੈ।

ਭਰੋਸਾ ਹੈ ਕਿ, ਪੰਥਕ, ਅਖਬਾਰ ਆਦਮ ਗਿਣਤੀ ਸਬੰਧੀ ਉਕਤ ਬਿਨੈ ਅਨੁਸਾਰ ਪ੍ਰਚਾਰ ਕਰਨਗੇ, ਤੇ ਸਿੰਘ ਸਭਾਵਾਂ ਜਥਿਆਂ, ਆਸ਼੍ਰਮਾਂ ਆਦਿ ਦੇ ਮੁਖੀ ਸੱਜਨ ਇਸ ਪੰਥ ਦੇ ਸਾਂਝੇ ਕਾਰਜ ਲਈ ਸਮਾਂ ਦੇ ਕੇ ਦੀਵਾਨ ਦੀ ਬਿਨੈ ਪ੍ਰਵਾਨ ਕਰਕੇ ਕ੍ਰਿਤਾਰਥ ਕਰਨਗੇ।

ਦਾਸ- ਹਰਬੰਸ ਸਿੰਘ ਸਕੱਤ੍ਰ,
ਚੀਫ ਖਾਲਸਾ ਦੀਵਾਨ, ਅੰਮ੍ਰਿਤਸਰ

## ਵਕਫ ਜਾਇਦਾਦਾਂ ਖਤਰੇ ਵਿਚ

ਧਰਮ ਅਰਥ ਜਾਇਦਾਦਾਂ ਦੀ ਆਮਦਨੀ ਨੂੰ ਅਯੋਗ ਥਾਵਾਂ ਤੇ ਖਰਚ ਹੋਦਿਆਂ ਤੇ ਸ਼ਖਸ਼ੀ, ਮਲਕੀਅਤਾਂ ਬਣਦਾ ਤਕ ਸਿੱਖਾਂ ਦੇ ਦਿਲਾਂ ਵਿਚ ਇਹਨਾਂ ਦੇ ਸੁਧਾਰ ਦਾ ਖਿਆਲ ਉਪਜਿਆ ਹੈ, ਜਿਸ ਤੋਂ ਗੁਰਦੁਆਰਿਆਂ ਦੇ ਪ੍ਰਬੰਧ ਲਈ ਇਕ ਕਮੇਟੀ ਬਣ ਗਈ ਹੈ। ਕਈ ਗੁਰਦੁਆਰੇ ਖਾਲਸਾ ਜੀ ਦੇ ਪ੍ਰਬੰਧ ਵਿਚ ਆ ਵੀ ਗਏ ਹਨ, ਪ੍ਰੰਤੂ ਸਾਨੂੰ ਸ੍ਰੋਤ ਮਿਲੀ ਹੈ ਕਿ ਕਈ ਅਸਥਾਨਾਂ ਦੇ ਸਥਾਨਾਂ ਪਤੀਆਂ ਵਕਫ ਜਾਇਦਾਦਾਂ ਦੇ ਕਮੇਟੀ ਦੇ ਪ੍ਰਬੰਧ ਵਿਚ ਆ ਜਾਣ ਦੇ ਭੈ ਤੋਂ ਜ਼ਮੀਨਾਂ ਤੇ ਮਕਾਨ ਸਸਤੇ ਮੁਲ ਵੇਚਕੇ ਰੁਪਏ ਇਕੱਠੇ ਕਰਨੇ ਸ਼ੁਰੂ ਕਰ ਦਿੱਤੇ ਹਨ ਤੇ ਜ਼ਮੀਨਾਂ ਲੰਮੀ ਮੁਦਤ ਲਈ ਠੇਕੇ ਤੇ ਦੇਣੀਆਂ ਆਰੰਭ ਦਿੱਤੀਆਂ ਹਨ, ਜਿਸਤੋਂ ਵਕਫ ਜਾਇਦਾਦਾਂ ਲਈ ਨਵਾਂ ਖਤਰਾ ਉਤਪੰਨ ਹੋ ਗਿਆ ਹੈ। ਗੁਰਦਵਾਰਾ ਪ੍ਰਬੰਧਕ ਕਮੇਟੀ ਦਾ ਇਜਲਾਸ ਕਿਹਾ ਜਾਂਦਾ ਹੈ ਕਿ 19 ਫਰਵਰੀ ਨੂੰ ਹੋਣਾ ਹੈ, ਬੜਾ ਹੀ ਚੰਗਾ ਹੋਵੇ ਜੋ ਕਮੇਟੀ ਦੇ ਇਸ ਇਜਲਾਸ ਵਿਚ ਇਸ ਮਾਮਲੇ ਤੇ ਵਿਚਾਰ ਕਰਕੇ ਅਜੇਹੀਆਂ ਕਾਰਵਾਈਆਂ ਦੇ ਨਾਜਾਇਜ਼ ਬਣਾਣ ਲਈ ਕੋਈ ਆਮ ਇਤਲਾਹ ਪ੍ਰਕਾਸ਼ਿਤ ਕਰ ਦਿੱਤੀ ਜਾਏ। ਜਿਸ ਵਿਚ ਦੱਸ ਦਿੱਤਾ ਜਾਏ ਕਿ ਇਹ ਜਾਇਦਾਦਾਂ ਪੰਥ ਦੀਆਂ ਹਨ ਜੋ ਖਰੀਦੇਗਾ, ਗਹਿਣੇ ਪਾਏਗਾ, ਪਛਤਾਏਗਾ।

## ਬਸੰਤ

ਹੁਣ ਆਈ ਬਸੰਤ ਹੁਸ਼ਿਆਰਪੁਰ ਹੈ,
ਦਸ ਖਾਲਸਾ ਕੀਕੂੰ ਸਾਰ ਲਈਏ।
ਤੇਰੀ ਕੋਇਲਾਂ ਦੀ ਆਈ ਕੂਕ ਨਾਹੀਂ,
ਸੋਹਣੇ ਭੌਰਿਆਂ ਨਹੀਂ ਗੁੰਜਾਰ ਪਾਈਏ।
ਆਈ ਦਰਦ ਵੀ ਨਹੀ ਆਵਾਜ਼ ਕਿਧਰੋਂ,
ਬੀਰ ਕਵੀਆਂ ਮੋਨ ਕਿਉਂ ਧਾਰ ਲਈਏ।
ਕਾਨਫ੍ਰੰਸ ਅੰਦਰ ਪਹੁੰਚੋ ਮਾਰ ਹਮਲਾ,
ਬਾਜੀ ਨਾਲ ਦੀਆਂ ਕੌਮਾਂ ਨੇ ਮਾਰ ਲਈਏ [1]
ਰੌਸ਼ਨ ਨਾਮ ਸੀ ਤੇਰਾ ਜਹਾਨ ਸਾਰੇ,
ਵਾਰਾਂ ਗੀਤ ਤੇਰੇ ਜੇਹੜੇ ਗਾਇ ਰਹਿ ਸਨ।
ਜੇਹੜੇ ਮੋਟਰ ਦੀ ਸਾਨੂੰ ਰਫਤਾਰ ਕੈਂਹਦੇ,
ਮਗਰ ਮਗਰ ਸਾਡੇ ਜੇਹੜੇ ਆਇ ਰਹਿ ਸਨ।
ਅੱਜ ਲੰਘ ਗਏ ਕਿਤੇ ਉਹ ਦੂਰ ਸਾਥੋਂ,
ਬਿੱਲੀ ਮਾਸੀ ਸਨ ਸਭ ਪੜ੍ਹਾਇ ਰੈਹ ਸਨ।
ਲੈਵੇ ਅੱਛਰ ਸਿੰਘ ਬਾਗ ਦੀ ਸਾਰ ਮਾਲੀ,
ਬੂਟੇ ਸੁੱਕਦੇ ਜੋ ਲਹਿ ਲਾਹਇ ਰੈਹ ਸਨ [2]

ਦਾਸ- ਅੱਛਰ ਸਿੰਘ ਸਰਗੋਧਾ

ੴ

ਸ੍ਰੀ ਵਾਹਿਗੁਰੂ ਜੀ ਕੀ ਫਤਹਿ॥

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਉਪਦੇਸ਼

{ਗੁਰੂ ਗ੍ਰੰਥ ਸਾਹਿਬ ਅੰਗ-੫੭੫, ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-੩੫੧੭}

**ਮੂਲ** | ਵਾਡਹੰਸੁ ਮਹਲਾ ੪ ਘੋੜੀਆ ੴ ਸਤਿਗੁਰ ਪ੍ਰਸਾਦਿ॥ | **ਅਰਥ**

ਦੇਹ ਤੇਜਣਿ ਜੀ ਰਾਮਿ ਉਪਾਈਆ ਰਾਮ॥ ਧੰਨੁ ਮਾਣਸ ਜਨਮੁ ਪੁੰਨਿ ਪਾਈਆ ਰਾਮ॥ ਮਾਣਸ ਜਨਮੁ ਵਡ ਪੁੰਨੇ ਪਾਇਆ ਦੇਹ ਸੁ ਕੰਚਨ ਚੰਗੜੀਆ॥ ਗੁਰਮੁਖਿ ਰੰਗੁ ਚਲੂਲਾ ਪਾਵੈ ਹਰਿ ਹਰਿ ਹਰਿ ਨਵ ਰੰਗੜੀਆ॥ ਏਹ ਦੇਹ ਸੁ ਬਾਂਕੀ ਜਿਤੁ ਹਰਿ ਜਾਪੀ ਹਰਿ ਹਰਿ ਨਾਮਿ ਸੁਹਾਵੀਆ॥ ਵਡਭਾਗੀ ਪਾਈ ਨਾਮੁ ਸਖਾਈ ਜਨ ਨਾਨਕ ਰਾਮਿ ਉਪਾਈਆ॥੧॥

(ਇਨਸਾਨ ਦੀ) ਦੇਹ (ਮਾਨੋ ਇਕ) ਘੋੜੀ ਹੈ (ਜੋ) ਰਾਮ ਨੇ ਪੈਦਾ ਕੀਤੀ ਹੈ। ਧੰਨ ਹੈ (ਇਹ) ਮਨੁੱਖਾ ਜਨਮ (ਜੋ ਇਨਸਾਨ ਨੇ) ਪੁੰਨਾਂ ਦੁਆਰਾ ਪਾਇਆ ਹੈ। (ਹਾਂ), ਮਨੁੱਖਾ ਜਨਮ ਵੱਡੇ ਪੁੰਨਾਂ ਕਰਕੇ ਪਾਇਆ ਹੈ, (ਇਸ ਮਨੁਖ ਸ਼੍ਰੇਣੀ ਵਿਚ) ਉਹ ਦੇਹ ਸੋਨੇ (ਵਾਂਙੂ ਪਵਿਤ੍ਰ ਤੇ) ਚੰਗੀ (ਕੀਮਤੀ) ਹੈ (ਜੋ) ਗੁਰੂ ਦੀ ਰਾਹੀਂ (ਪ੍ਰੇਮ ਰੂਪੀ) ਗੂੜ੍ਹਾ ਰੰਗ ਪਾ ਲਵੇ ਤੇ 'ਹਰਿ ਹਰਿ' ਹਰੀ ਨਾਮ ਦੇ ਨਵੇਂ ਰੰਗ ਵਿਚ (ਸਦਾ) ਰੰਗੀ ਰਹੇ। ਇਹ ਦੇਹ (ਬਹੁਤ) ਬਾਂਕੀ (ਭਾਵ ਸੁਹਣੀ) ਹੈ, ਜਿਸ ਨਾਲ ਹਰੀ ਜਪਿਆ ਜਾਵੇ, (ਹਾਂ, ਇਹ ਦੇਹ) ਹਰੀ ਹਰਿ ਨਾਮ ਨਾਲ ਹੀ ਸ਼ੋਭਨੀਕ ਹੈ। ਇਹ ਵੱਡੇ ਭਾਗਾਂ ਨਾਲ ਪਾਈ ਜਾਂਦੀ ਹੈ, ਇਸ ਦਾ ਮਿੱਤ੍ਰ ਨਾਮ ਹੈ, (ਇਸੇ ਲਈ ਇਹ) ਰਾਮ ਨੇ ਪੈਦਾ ਕੀਤੀ ਹੈ, (ਭਾਵ ਇਸ ਲਈ ਕਿ ਇਹ ਨਾਮ ਨੂੰ ਆਪਣਾ ਮਿੱਤ੍ਰ ਬਣਾ ਲਵੇ। ਫੁਰਮਾਉਂਦੇ ਹਨ) ਜਨ ਨਾਨਕ (ਜੀ)॥੧॥

ਦੇਹ ਪਾਵਉ ਜੀਨੁ ਬੁਝਿ ਚੰਗਾ ਰਾਮ॥ ਚੜਿ ਲੰਘਾ ਜੀ ਬਿਖਮੁ ਭੁਇਅੰਗਾ ਰਾਮ॥ ਬਿਖਮੁ ਭੁਇਅੰਗਾ ਅਨਤ ਤਰੰਗਾ ਗੁਰਮੁਖਿ ਪਾਰਿ ਲੰਘਾਏ॥ ਹਰਿ ਬੋਹਿਥਿ ਚੜਿ ਵਡਭਾਗੀ ਲੰਘੈ ਗੁਰੁ ਖੇਵਟੁ ਸਬਦਿ ਤਰਾਏ॥ ਅਨਦਿਨੁ ਹਰਿ ਰੰਗਿ ਹਰਿ ਗੁਣ ਗਾਵੈ ਹਰਿ ਰੰਗੀ ਹਰਿ ਰੰਗਾ॥ ਜਨ ਨਾਨਕ ਨਿਰਬਾਣ ਪਦੁ ਪਾਇਆ ਹਰਿ ਉਤਮੁ ਹਰਿ ਪਦੁ ਚੰਗਾ॥੨॥

ਦੇਹ (ਰੂਪੀ) ਘੋੜੀ (ਉਤੇ) ਕਾਠੀ ਇਹ ਪਾਵਾਂ ਕਿ ਚੰਗੇ ਨੂੰ ਬੁੱਝ ਲਵਾਂ (ਕਿ ਸਭ ਤੋਂ ਚੰਗਾ ਉਹੋ ਹੈ)। (ਇਸ ਘੋੜੀ ਤ੍ਰ) ਚੜ੍ਹਕੇ ਔਖੇ (ਸੰਸਾਰ) ਸਾਗਰ ਨੂੰ ਲੰਘ ਜਾਵਾਂ। (ਹਾਂ, ਔਖੇ ਸਾਗਰ ਤੋਂ, ਜਿਸ ਦੀਆ ਲਹਿਰਾਂ ਬੇਅੰਤ ਹਨ, ਗੁਰਮੁਖ ਹੀ ਪਾਰ ਲੰਘਾਏਗਾ। ਹਰਿ (ਨਾਮ ਰੂਪੀ) ਜਹਾਜ਼ ਤੇ ਚੜ੍ਹਕੇ ਵਡੇ ਭਾਗਾਂ ਵਾਲੇ ਪਾਰ ਹੋਏ ਹਨ, (ਇਸ ਜਹਾਜ਼ ਨੂੰ) ਗੁਰੂ (ਰੂਪੀ) ਮਲਾਹ ਹੀ (ਆਪਣੇ) ਸ਼ਬਦ (ਉਪਦੇਸ਼) ਦੁਆਰਾ ਤਾਰਦਾ ਹੈ। (ਜੋ ਇਸ ਪਰ ਚੜ੍ਹਦਾ ਹੈ ਉਹ) ਨਿਤ ਹਰੀ ਦੇ ਪ੍ਰੇਮ ਵਿਚ ਰੱਤਾ ਹੋਇਆ ਹਰੀ ਦੇ ਗੁਣ ਗਾਉਂਦਾ ਹੈ, (ਉਹ) ਹਰੀ ਦੇ (ਪ੍ਰੇਮ ਵਿਚ) ਰੰਗਿਆ ਹੋਇਆ ਹਰੀ ਦੇ ਰੰਗ ਦਾ (ਭਾਵ ਹਰੀ ਵਰਗਾ) ਹੋ ਜਾਂਦਾ ਹੈ, (ਅਰਥਾਤ) ਉੱਤਮ ਹਰੀ ਦੀ (ਸਭ ਤੋਂ) ਚੰਗੀ ਹਰੀ ਪਦਵੀ ਜੋ 'ਨਿਰਬਾਣ ਪਦਵੀ' ਹੈ ਪ੍ਰਾਪਤ ਕਰ ਲੈਂਦਾ ਹੈ, (ਕਹਿੰਦਾ ਹੈ) ਦਾਸ ਨਾਨਕ॥੨॥

ਕੜੀਆਲੁ ਮੁਖੇ ਗੁਰਿ ਗਿਆਨੁ ਦ੍ਰਿੜਾਇਆ ਰਾਮ॥ ਤਨਿ ਪ੍ਰੇਮੁ ਹਰਿ ਚਾਬਕੁ ਲਾਇਆ ਰਾਮ॥ ਤਨਿ ਪ੍ਰੇਮੁ ਹਰਿ ਹਰਿ ਲਾਇ ਚਾਬਕੁ ਮਨੁ ਜਿਣੈ ਗੁਰਮੁਖਿ ਜੀਤਿਆ॥ ਅਘੜੋ ਘੜਾਵੈ ਸਬਦੁ ਪਾਵੈ ਅਪਿਉ ਹਰਿ ਰਸੁ ਪੀਤਿਆ॥ ਸੁਣਿ ਸ੍ਰਵਣ ਬਾਣੀ ਗੁਰਿ ਵਖਾਣੀ ਹਰਿ ਰੰਗੁ ਤੁਰੀ ਚੜਾਇਆ॥ ਮਹਾ ਮਾਰਗੁ ਪੰਥੁ ਬਿਖੜਾ ਜਨ ਨਾਨਕ ਪਾਰਿ ਲੰਘਾਇਆ॥੩॥

[ਕਾਠੀ ਕਹਿਕੇ ਹੁਣ ਲਗਾਮ ਤੇ ਚਾਬਕ ਦੱਸਦੇ ਹਨ] (ਇਸ ਦੇਹ ਰੂਪੀ ਘੋੜੀ ਦੇ) ਮੂੰਹ ਵਿਚ ਲਗਾਮ (ਇਹ ਹੈ ਜੋ) ਗੁਰੂ ਨੇ ਗਿਆਨ ਦ੍ਰਿੜ ਕਰਾਇਆ ਹੈ (ਅਤੇ) ਤਨ ਵਿਚ ਹਰੀ ਦਾ ਪ੍ਰੇਮ (ਦਿਤਾ ਹੈ), ਇਹੀ ਚਾਬਕ ਲਾਈ ਹੈ। ਤਨ ਵਿਚ ਹਰੀ ਹਰਿ ਦੇ ਪ੍ਰੇਮ ਦਾ ਚਾਬਕ ਲਾਕੇ ਮਨ ਨੂੰ (ਜੋ) ਜਿੱਤ ਲਵੇ (ਉਸ ਨੇ ਸਮਝੋ ਜਗਤ) ਜਿੱਤ ਲਿਆ ਹੈ (ਤੇ ਉਹ) ਗੁਰਮੁਖ (ਹੋ ਗਿਆ ਹੈ ਗੁਰਮੁਖ) ਨਾ ਸੋਧੇ ਜਾਣ ਵਾਲੇ ਮਨ ਨੂੰ ਸੋਧ ਲੈਂਦਾ ਹੈ, ਸ਼ਬਦ (ਬ੍ਰਹਮ) ਨੂੰ ਪਾ ਲੈਂਦਾ ਹੈ (ਤੇ) ਹਰੀ ਰਸ ਰੂਪੀ (ਅਪਿਓ=) ਅੰਮ੍ਰਿਤ ਨੂੰ ਪੀਂਦਾ ਰਹਿੰਦਾ ਹੈ। (ਉਹ) ਕੰਨਾਂ ਦੁਆਰੇ ਗੁਰੂ ਦੀ ਉਚਾਰੀ ਬਾਣੀ ਸੁਣਦਾ ਰਹਿੰਦਾ ਹੈ, (ਗੱਲ ਕੀਹ ਉਸ ਨੇ ਸਾਰੀ ਦੇਹ ਰੂਪੀ) ਘੋੜੀ ਨੂੰ ਹਰੀ ਦਾ (ਪ੍ਰੇਮ ਰੂਪੀ) ਰੰਗ ਚਾੜ੍ਹ ਲਿਆ ਹੈ। (ਕਹਿੰਦੇ ਹਨ) ਦਾਸ ਨਾਨਕ (ਜੀ ਇਹ) ਔਖਾ ਰਸਤਾ (ਤੇ) ਵੱਡਾ (ਲੰਮਾ) ਰਸਤਾ ਸੀ, (ਉਸ ਤੋਂ ਐਉਂ ਗੁਰੂ ਨ੍ਹ) ਪਾਰ ਲੰਘਾ ਦਿਤਾ॥੩॥

ਘੋੜੀ ਤੇਜਣਿ ਦੇਹ ਰਾਮਿ ਉਪਾਈਆ ਰਾਮ॥ ਜਿਤੁ ਹਰਿ ਪ੍ਰਭੁ ਜਾਪੈ ਸਾ ਧਨੁ ਧੰਨੁ ਤੁਖਾਈਆ ਰਾਮ॥ ਜਿਤੁ ਹਰਿ ਪ੍ਰਭੁ ਜਾਪੈ ਸਾ ਧੰਨੁ ਸਾਬਾਸੈ ਧੁਰਿ ਪਾਇਆ ਕਿਰਤੁ ਜੁੜੰਦਾ॥ ਚੜਿ ਦੇਹੜਿ ਘੋੜੀ ਬਿਖਮੁ ਲਘਾਏ ਮਿਲੁ ਗੁਰਮੁਖਿ ਪਰਮਾਨੰਦਾ॥ ਹਰਿ ਹਰਿ ਕਾਜੁ ਰਚਾਇਆ ਪੂਰੈ ਮਿਲਿ ਸੰਤ ਜਨਾ ਜੰਞ ਆਈ॥ ਜਨ ਨਾਨਕ ਹਰਿ ਵਰੁ ਪਾਇਆ ਮੰਗਲੁ ਮਿਲਿ ਸੰਤ ਜਨਾ ਵਾਧਾਈ॥੪॥੧॥੫॥

(ਇਹ) ਦੇਹ ਹੀ (ਤਾਜੀ=) ਸ੍ਰੇਸ਼ਟ ਘੋੜੀ ਹੈ, (ਇਹ) ਰਾਮ ਨੇ ਪੈਦਾ ਕੀਤੀ ਹੈ, (ਪਰ) ਧੰਨਤਾ ਯੋਗ ਹੈ ਉਹ ਘੋੜੀ ਜਿਸ ਵਿਚ (ਆਕੇ) ਹਰੀ ਪ੍ਰਭੂ ਜਾਣਿਆ ਜਾਏ। ਜਿਸ (ਦੇਹ) ਕਰਕੇ ਹਰੀ ਪ੍ਰਭੂ ਜਾਣਿਆ ਜਾਏ ਉਸ ਨੂੰ ਧੰਨ ਹੈ, ਸ਼ਾਬਾਸ਼ ਹੈ (ਉਸ ਨੇ ਇਹ ਫਲ ਪਿਛਲੇ ਕਿਰਤ ਜੁੜੰਦਾ=) ਇਕੱਠੇ ਹੋਏ ਕਰਮਾਂ ਕਰਕੇ ਧੁਰੋਂ (ਲਿਖਿਆ) ਪਾਇਆ ਹੈ। (ਸੋ ਹੇ ਜੀਵ! ਐਸ ਤਰ੍ਹਾਂ) ਦੇਹ ਰੂਪੀ ਘੋੜੀ ਉਤੇ ਚੜ੍ਹ (ਜੋ ਤੈਨੂੰ) ਔਖੇ (ਜਮ ਮਾਰਗ ਯਾ ਸੰਸਾਰ) ਤੋਂ ਲੰਘਾ ਦੇਵੇ, (ਐਉਂ ਹੀ) ਗੁਰੂ ਦੁਆਰਾ ਪਰਮਾਨੰਦ (=ਵਾਹਿਗੁਰੂ) ਨੂੰ ਮਿਲ ਪਉ। ਪੂਰੇ (ਸਤਿਗੁਰੂ) ਨੇ ਹਰੀ (ਨਾਮ ਦਾ) ਹਰਿ ਨਾਲ (ਐਸਾ) ਵਿਆਹ ਰਚਾ ਦਿਤਾ ਹੈ, (ਤੇ) ਸੰਤ ਜਨਾਂ ਦੀ ਜੰਞ ਮਿਲਕੇ ਆ ਗਈ ਹੈ। (ਭਾਵ ਹਰੀ ਨਾਮ ਦਿਤਾ ਤੇ ਸਤਿਸੰਗ ਬਖ਼ਸ਼ਿਆ ਹੈ; ਫਲ ਇਹ ਕਿ) ਹਰੀ ਰੂਪੀ ਵਰ ਦੀ ਪ੍ਰਾਪਤੀ ਦਾ ਮੰਗਲ (ਆਨੰਦ) ਹੋ ਗਿਆ ਹੈ; (ਹੁਣ) ਸੰਤ ਜਨਾਂ ਦੀਆਂ ਵਧਾਈਆਂ ਮਿਲ ਰਹੀਆਂ ਹਨ॥੪॥੧॥੫॥

'KHALSA SAMACHAR' New Delhi. Office of Posting NDGPO-110001 (Thursday-Friday) R.No.50825/1990 DL(ND)-11/6035/2021-22-23
Published & printed by Dr.Mohinder Singh on behalf of Bhai Vir Singh Sahitya Sadan, Published from Bhai Vir Singh Marg, Gole Market, New Delhi-110001 and printed at Print Media, 1331 Chowk Sangatrashan, Paharganj, New Delhi.
Editor Dr.Mohinder Singh. Phone 011-23363510, Email:info@bvsss.org www.bvsss.org
ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ ਵਲੋਂ ਪ੍ਰਕਾਸ਼ਕ ਤੇ ਛਾਪਕ ਡਾ.ਮਹਿੰਦਰ ਸਿੰਘ ਨੇ ਪ੍ਰਿੰਟ ਮੀਡੀਆ, 1331 ਚੌਂਕ ਸੰਗਤਰਾਸ਼ਾ, ਪਹਾੜ ਗੰਜ, ਨਵੀਂ ਦਿੱਲੀ-55 ਤੋਂ ਛਪਵਾਇਆ।
**ਸੰਪਾਦਕ: ਡਾ. ਮਹਿੰਦਰ ਸਿੰਘ।** [ਲੇਖਕਾਂ ਦੇ ਨਿਜੀ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ]

## ਦੁਬਈ 'ਚ ਗੁਰੂ ਨਾਨਕ ਦਰਬਾਰ ਨੇ ਕੋਵਿਡ ਵੈਕਸੀਨ ਮੁਫ਼ਤ ਲਗਾਈ



ਦੁਬਈ 'ਚ ਜਬਲ ਅਲੀ 'ਚ ਸਥਿਤ ਗੁਰਦੁਆਰਾ ਗੁਰੂ ਨਾਨਕ ਦਰਬਾਰ ਵਲੋਂ ਹਜ਼ਾਰਾਂ ਲੋਕਾਂ ਨੂੰ ਕੋਵਿਡ ਵੈਕਸੀਨ ਦਾ ਪਹਿਲਾ ਟੀਕਾ ਲਾਇਆ ਗਿਆ। ਗੁਰਦੁਆਰਾ ਗੁਰੂ ਨਾਨਕ ਦਰਬਾਰ ਦੇ ਚੇਅਰਮੈਨ ਸ. ਸੁਰਿੰਦਰ ਸਿੰਘ ਕੰਧਾਰੀ ਨੇ ਇਸ ਮੌਕੇ ਬੋਲਦਿਆਂ ਕਿਹਾ ਵੱਖੋ-ਵੱਖ ਕੌਮੀਅਤਾਂ ਅਤੇ ਧਰਮਾਂ ਦੇ 4500 ਨੌਜਵਾਨਾਂ ਨੂੰ ਸ਼ਨੀਵਾਰ ਤੋਂ ਸੋਮਵਾਰ ਤੱਕ ਵੈਕਸੀਨ ਲਾਈ ਗਈ। ਉਨ੍ਹਾਂ ਕਿਹਾ ਵੈਕਸੀਨ ਲਵਾਉਣ 'ਚ ਲੋਕਾਂ ਨੂੰ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ ਇਸ ਕਰਕੇ ਗੁਰਦੁਆਰੇ ਵੱਲੋਂ ਇਸ ਉਦਮ ਨੂੰ ਸਿਰੇ ਚਾੜ੍ਹਿਆ ਗਿਆ। ਵੈਕਸੀਨ ਦਾ ਦੂਜਾ ਟੀਕਾ 31 ਦਿਨਾਂ ਬਾਅਦ ਲਾਇਆ ਜਾਏਗਾ। ਮੁਸ਼ਕਿਲ ਦੇ ਸਮੇਂ ਲੋਕਾਂ ਦੀ ਮਦਦ ਹਿਤ ਇਸ ਵਾਰ ਲੰਗਰ ਅਤੇ ਹੋਰ ਜ਼ਰੂਰੀ ਚੀਜ਼ਾਂ ਦੀ ਮਦਦ ਤੋਂ ਇਲਾਵਾ ਕੋਵਿਡ ਮਹਾਂਮਾਰੀ ਨੂੰ ਠੱਲਣ ਲਈ ਵੈਕਸੀਨ ਲਾਉਣ ਦੇ ਪ੍ਰੋਗਰਾਮ ਨੂੰ ਗੁਰੂ ਕਿਰਪਾ ਸਦਕਾ ਨੇਪਰੇ ਚਾੜ੍ਹਿਆ ਗਿਆ।

## ਸਕਾਟਲੈਂਡ ਯਾਰਡ ਵਲੋਂ ਪਹਿਲੀ ਸਿੱਖ ਅਫ਼ਸਰ ਨੂੰ ਸਿਜਦਾ

ਬਰਤਾਨੀਆ ਦੀ ਪੁਲਿਸ 'ਸਕਾਟਲੈਂਡ ਯਾਰਡ' ਵਲੋਂ 1971 ਵਿਚ ਭਰਤੀ ਹੋਈ ਪਹਿਲੀ ਦੱਖਣੀ ਏਸ਼ੀਆਈ ਅਤੇ ਸਿੱਖ ਮਹਿਲਾ ਪੁਲਿਸ ਅਫ਼ਸਰ ਕਰਪਾਲ ਕੌਰ ਸੰਧੂ ਨੂੰ ਯਾਦ ਕੀਤਾ ਜਾ ਰਿਹਾ ਹੈ। ਮੈਟਰੋਪੋਲੀਟਨ ਪੁਲਿਸ ਉਹਨਾਂ ਦੀ ਫੋਰਸ ਵਿਚ ਸ਼ਾਮਲ ਹੋਣ ਦੀ 50ਵੀਂ ਵਰ੍ਹੇਗੰਢ ਮਨਾ ਰਹੀ ਹੈ। ਕਰਪਾਲ ਕੌਰ ਸੰਧੂ 1971 ਵਿਚ ਫੋਰਸ ਵਿਚ ਸ਼ਾਮਲ ਹੋਈ ਸੀ ਤੇ ਉਹਨਾਂ 1973 ਤੱਕ ਸੇਵਾਵਾਂ ਦਿੱਤੀਆਂ। ਇਸ ਮੌਕੇ ਸਹਾਇਕ ਕਮਿਸ਼ਨਰ ਹੇਲੇਨ ਬਾਲ ਨੇ ਕਿਹਾ 'ਪੀਸੀ ਕਰਪਾਲ ਕੌਰ ਸੱਚੇ ਅਰਥਾਂ ਵਿਚ ਮੁੱਢ ਬੰਨ੍ਹਣ ਵਾਲੀ ਸੀ ਤੇ ਸਮੇਂ ਤੋਂ ਅੱਗੇ ਸੀ'। ਇਸ ਸਬੰਧੀ ਹੋਏ ਇਕ ਵਰਚੁਅਲ ਸਮਾਗਮ ਵਿਚ ਮੈਂਟ ਪੁਲਿਸ ਸਿੱਖ ਐਸੋਸੀਏਸ਼ਨ ਦੇ ਨਾਲ ਨੈਸ਼ਨਲ ਸਿੱਖ ਪੁਲਿਸ ਐਸੋਸੀਏਸ਼ਨ ਨੇ ਵੀ ਹਿੱਸਾ ਲਿਆ। ਇਸ ਮੌਕੇ ਕਰਪਾਲ ਕੌਰ ਦੀ ਧੀ ਰੋਮੀ ਸੰਧੂ ਵੀ ਹਾਜ਼ਰ ਸੀ। ਪੂਰਬੀ ਅਫਰੀਕਾ ਦੇ ਜ਼ੰਜ਼ੀਬਾਰ ਵਿਚ 1943 'ਚ ਜਨਮੀ ਕਰਪਾਲ ਕੌਰ ਸੰਧੂ 1962 'ਚ ਯੂ.ਕੇ. ਆਈ ਤੇ 1971 'ਚ 27 ਸਾਲ ਦੀ ਉਮਰ 'ਚ ਸਕਾਟਲੈਂਡ ਯਾਰਡ 'ਚ ਸ਼ਾਮਲ ਹੋ ਗਈ।

## ਸਬਰੀਨਾ ਸਿੰਘ ਦੀ ਵ੍ਹਾਈਟ ਹਾਊਸ 'ਚ ਡਿਪਟੀ ਪ੍ਰੈਸ ਸੈਕ੍ਰੇਟਰੀ ਦੇ ਰੂਪ 'ਚ ਨਿਯੁਕਤੀ



ਭਾਰਤੀ-ਅਮਰੀਕੀ ਸਬਰੀਨਾ ਸਿੰਘ ਨੂੰ ਬਿਡੇਨ ਪ੍ਰਸ਼ਾਸਨ 'ਚ ਵ੍ਹਾਈਟ ਹਾਊਸ 'ਚ ਡਿਪਟੀ ਪ੍ਰੈਸ ਸੈਕ੍ਰੇਟਰੀ ਦੇ ਰੂਪ 'ਚ ਨਾਮਾਂਕਿਤ ਕੀਤਾ ਗਿਆ ਹੈ। ਸਬਰੀਨਾ ਬਿਡੇਨ-ਹੈਰਿਸ ਅਭਿਆਨ ਦੇ ਉਪ-ਅਧਿਅਕਸ਼ ਕਮਲਾ ਹੈਰਿਸ ਦੀ ਪ੍ਰੈਸ ਸਕੱਤਰ ਸੀ। ਇਸ ਅਭਿਆਨ ਤੋਂ ਪਹਿਲਾਂ ਸਬਰੀਨਾ ਸਿੰਘ ਨੇ ਮਾਈਕ ਬਲੂਮਬਰਗ ਦੇ ਰਾਸ਼ਟਰਪਤੀ ਅਭਿਆਨ ਲਈ ਕੌਮੀ ਪ੍ਰੈਸ ਸਕੱਤਰ ਦੇ ਰੂਪ 'ਚ ਵੀ ਕੰਮ ਕੀਤਾ ਹੈ। ਇਸ ਉਪਲਬਧੀ ਤੇ ਸਬਰੀਨਾ ਸਿੰਘ ਨੇ ਬਿਡੇਨ ਪ੍ਰਸ਼ਾਸਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਇਸ ਨਿਯੁਕਤੀ ਤੋਂ ਬਹੁਤ ਉਤਸ਼ਾਹਿਤ ਹੈ ਤੇ ਅਮਰੀਕੀ ਲੋਕਾਂ ਲਈ ਬਿਹਤਰ ਪਰਿਣਾਮ ਦੇਣਾ ਉਸਦੇ ਕੰਮ ਦਾ ਉਦੇਸ਼ ਹੋਵੇਗਾ।

❖ ❖ ❖ ❖